# ਵਰਿਆਮ

ਬਾਈਵਾਂ ਸਾਲ
ਜੂਨ ੧੯੯੭



ਅਨੰਦ ਕਾਰਜਾਂ ਦੀ ਰੀਤ ਦਾ ਆਰੰਭ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੨-੩ ਜੂਨ, ੧੮੬੩ ਨੂੰ ਪਿੰਡ ਖੋਟੇ ਵਿਚ ਛੇ ਸਾਮੂਹਿਕ ਅਨੰਦ ਕਾਰਜਾਂ ਨਾਲ ਕੀਤਾ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari


ਆਪਣੇ ਪਰਿਵਾਰ ਅਤੇ ਮਿੱਤਰਾਂ ਸੰਗ
ਚਿੰਤਾ ਮੁਕਤ, ਪ੍ਰਸੰਨ-ਚਿੱਤ ਦਿਨ ਮਾਨਣ ਵਾਸਤੇ

**ਸੁਖਾਵੇਂ ਪਲ ਤੁਹਾਨੂੰ ਉਡੀਕ ਰਹੇ ਹਨ !**

| | |
|---|---|
| ✲ ਸਾਗਰ ਛੱਲਾਂ ਸੰਗ ਖੇਡਣ | ✲ ਆਸਮਾਨ ਤੋਂ ਝੀਲ ਵਿਚ ਤਿਲਕਣ |
| ✲ ਨਦੀ, ਵਿਚ ਤੈਰਨ | ✲ ਸਰੋਵਰ ਵਿਚ ਸਾਈਕਲ ਬੋਟ ਚਲਾਉਣ |
| ✲ ਆਕਾਸ਼ ਵਿਚ ਹੁਲਾਰੇ ਲੈਣ | ✲ ਬੱਚਾ ਰੇਲ ਗੱਡੀ ਦਾ ਹੂਟਾ ਲੈਣ |
| ✲ ਗੀਤ ਸੰਗੀਤ ਮਾਨਣ | ✲ ਅਨੰਦ ਲੈਣ ਵਾਸਤੇ ਪਧਾਰੋ |

ਟਿਕਟ ਏਕ-ਖੇਲ ਅਨੇਕ
ਦੇਸ਼ ਭਰ ਵਿਚ ਆਪਣੇ ਵਰਗਾ ਆਪ







**ਫਨ 'ਐੱਨ' ਫੂਡ ਵਿਲੇਜ**
(ਪੋਲੋ ਅਮਿਊਜ਼ਮੈਂਟ ਪਾਰਕ ਲਿਮਿਟਡ)

ਪਿੰਡ ਕਾਪਾ ਸੇਹੜਾ, ਪੁਰਾਣੀ ਦਿੱਲੀ ਗੁੜਗਾਓਂ ਰੋਡ, ਨਵੀਂ ਦਿੱਲੀ-110037
ਧੌਲਾ ਕੂਆਂ ਤੋਂ 11 ਕਿਲੋਮੀਟਰ-ਸੈਂਟੂਰ ਹੋਟਲ ਤੋਂ 3 ਕਿਲੋਮੀਟਰ)
ਫੋਨ : 5563587, 5564500-501-502-503 ਫੈਕਸ : 5563867


Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

## ਨਾਮਧਾਰੀ ਸੇਲਜ਼

੧੦੨੪੦/੫੪, ਲਾਇਬਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

# FURSHI DURRIES & CARPETS

in Bright & Fast Colours

Manufacturers

## *Namdhari Sales*

10240/54, Library Road, Azad Market, DELHI—110006

Phone : 7514784




Sri Satguru Jagjit Singh Ji eLibrary NamdhariElibrary@gmail.com

**Our Motto : "Best Quality of The Day"**

# High Class Gun Manufacturers

## *Single & Double Barrels*



# 12-Bore GUNS

## Free India Gun Manufacturers

**Prop : S. KARTAR SINGH (JAMMU-WALE)**

**6, Industrial Estate, Ashok Nagar,**

**JAMMU CANTT.—3**

**Phone : 433810**

**Sister Concern : M/s. KARTAR SINGH**

**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

Gram 'SNIPER' Hallo : 431367

*Reputed Manufacturers Of :*

**Superior Quality**

**SINGLE BARREL**

**&**

**DOUBLE BARREL**

**B. L. – 12 BORE**

# «GUNS»

# MODERN GUN WORKS

**Opp. Industrial Estate,**

**JAMMU CANTT.**



Sri Satguru Jagjit Singh Ji eLibrary NamdhariElibrary@gmail.com

https://archive.org/details/namdhari


GOLD MEDAL WINNER

(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634



ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨਗੰਜ (ਬਿਹਾਰ)

# Namdhari Brothers

## DALTONGANJ

**(Bihar)**

Prop. :
S. AJIT SINGH NAMDHARI



ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ
ਚੌਗਾਠਾਂ, ਦਰਵਾਜ਼ੇ, ਖਿੜਕੀਆਂ,
ਰੌਸ਼ਨਦਾਨ ਬਣਵਾਉਣ ਲਈ
ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ
ਖਰੀਦਣ ਲਈ

# ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ—ਜਸਬੀਰ ਸਿੰਘ)
ਅਕਹਿਰੀ ਪੁਲੀ, ਜਲੰਧਰ
ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ
ਤੇ ਲਾਭ ਪ੍ਰਾਪਤ ਕਰੋ ।




Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

ਜੂਨ ੧੯੯੭ ਜਿਲਦ—੨੨ ਅੰਕ—੮


ਡਰ ਬੁਰਿਆਂ ਤੋਂ ਨਹੀਂ ਲਗਦਾ ਕਿਉਂਕਿ ਉਹ ਆਸਾਨੀ ਨਾਲ ਨਜ਼ਰਾਂ ਦੇ ਸਾਹਮਣੇ ਆ ਜਾਂਦੇ ਹਨ। ਉਹਨਾਂ ਨਾਲ ਲੜਣਾ ਜਾਂ ਵਖ ਰਹਿਣਾ ਸੌਖਾ ਹੈ। ਡਰ ਬੁਰਾਈਆਂ ਤੋਂ ਹੀ ਲਗਦਾ ਹੈ।

—ਅਮ੍ਰਿਤ ਲਾਲ ਨਾਗਰ

## ਤਤਕਰਾ


ਸੋਖੋਂ ਜੀ ਭੈਣੀ ਸਾਹਿਬ ਆਏ —ਜਗਦੀਸ਼ ਸਿੰਘ ੬

ਨਾਮਧਾਰੀ ਵਿਦਿਅਕ ਸੰਮੇਲਨ ੮

ਚਾਰ ਗ਼ਜ਼ਲਾਂ —ਡਾ. ਜਗਤਾਰ ੯

ਮੇਰੀ ਸ਼ਾਂਤੀ ਨਿਕੇਤਨ ਯਾਤਰਾ —ਅਮਰ ਭਾਰਤੀ ੧੦

ਅਮਾਨਤ (ਕਹਾਣੀ) —ਸੰਤ ਸਿੰਘ ਸੇਖੋਂ ੧੩

ਅਨੰਦ ਕਾਰਜ ਦੀ ਰੀਤ ਅਤੇ ਨਾਮਧਾਰੀ —ਜਗਦੀਸ਼ ਸਿਘ ੨੦

ਟੁਕੜਿਆਂ ਵਿਚ ਵੰਡਿਆ ਆਦਮੀ —ਸੁਵਰਨ ਸਿੰਘ ਵਿਰਕ ੨੬

ਤੇਰਾ ਸਿੰਘ ਚੰਨ ਰਚਿਤ ਓਪੇਰੇ : ਇਕ ਅਧਿਐਨ —ਸੁਰਜੀਤ ਜੱਜ ੬

ਖਬਰਨਾਮਾ ੪੦


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੬੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

☐ ਵਰਿਆਮ ਵਾਸਤੇ ਭੇਜੇ ਜਾਣ ਵਾਲੇ ਚੈਕ-ਡਰਾਫਟ-ਮਨੀਆਰਡਰ ਉਤੇ Monthly Wariam ਹੀ ਲਿਖਿਆ ਜਾਵੇ।

## ਪਾਠਕਾਂ ਨੂੰ ਬੇਨਤੀ

ਆਪਣੇ ਪਿਛਲੇ ਚੰਦੇ ਭਿਜਵਾਓ ਅਤੇ ਆਪਣੇ ਘੇਰੇ ਵਿਚ ਆਉਣ ਵਾਲੇ ਹੋਰ ਸੱਜਣਾਂ ਨੂੰ ਵਰਿਆਮ ਦੇ ਗਾਹਕ ਬਨਣ ਵਾਸਤੇ ਪ੍ਰੇਰੋ।

—ਮੈਨੇਜਰ


ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਮ੍ਹਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧

Office Address :
Monthly WARIAM
(Punjabi)
Ladowali Road,
Opp. Central Town,
Jalandhar-144001

ਫੋਨ—ਦਫਤਰ : ੨੨੨੫੪੩ Ph. 222543 (O)
ਘਰ : ੫੬੨੮੯ 56289 (R)




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਸੇਖੋਂ ਜੀ ਭੈਣੀ ਸਾਹਿਬ ਆਏ

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦੇ ਉਮਰ ਪੱਖੋਂ ਵੀ ਅਤੇ ਕਿਰਤ ਪੱਖੋਂ ਵੀ ਬਜ਼ੁਰਗ ਹਨ। ਉਨ੍ਹਾਂ ਦੇ ਸਿਰਜੇ ਇਕ ਕਾਵਿ-ਨਾਟਕ ਪਾਤਰ ਦੇ ਆਧਾਰ ਤੇ ਉਨ੍ਹਾਂ ਨੂੰ "ਪੰਜਾਬੀ ਸਾਹਿਤ ਦਾ ਬਾਬਾ ਬੋਹੜ" ਵੀ ਕਿਹਾ ਜਾਂਦਾ ਹੈ। ਵਿਚਾਰਧਾਰਾ ਵਲੋਂ ਉਹ ਮਾਰਕਸੀ ਚਿੰਤਕ ਮੰਨੇ ਜਾਂਦੇ ਹਨ—ਯਥਾਰਥਵਾਦੀ ਅਤੇ ਪਦਾਰਥਵਾਦੀ। ਉਨ੍ਹਾਂ ਨੇ ਸਾਰੀ ਉਮਰ ਵਿਚ ਏਨੇ ਵਿਦਿਆਰਥੀਆਂ ਨੂੰ ਵਿੱਦਿਆ ਦਿਤੀ ਹੈ ਕਿ ਉਹ ਗਿਣਨੇ ਮੁਸ਼ਕਲ ਹਨ। ਪੰਜਾਬੀ ਦੇ ਬਹੁਤ ਪ੍ਰਸਿਧ ਸਾਹਿਤਕਾਰ ਉਨ੍ਹਾਂ ਦਾ ਸ਼ਾਗਿਰਦ ਅਖਵਾਉਣਾ ਮਾਣ ਸਮਝਦੇ ਹਨ। ਉਹਨਾਂ ਅੰਗਰੇਜ਼ੀ ਸਾਹਿਤ ਦੀ ਐਮ. ਏ. ਉਦੋਂ ਕੀਤੀ ਜਦੋਂ ਕੋਈ ਵਿਰਲਾ ਟਾਂਵਾਂ ਹੀ ਸਕੂਲ ਵਿਚ ਪੜ੍ਹਦਾ ਸੀ। ਉਹ ਅੰਗਰੇਜ਼ੀ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ। ਬਾਅਦ ਵਿਚ ਉਹ ਮਾਂ-ਬੋਲੀ ਵਿਚ ਸਾਹਿਤ ਰਚਣ ਲੱਗੇ। ਸਾਹਿਤ ਦੇ ਵਿਵਿਧ ਰੂਪਾਂਕਾਰਾਂ ਕਵਿਤਾ, ਕਹਾਣੀ, ਨਾਟਕ, ਨਾਵਲ ਅਤੇ ਆਲੋਚਨਾ ਦੇ ਵਿਸ਼ੇ ਤੇ ਉਨ੍ਹਾਂ ਸਿਰੇ ਬੰਦ ਰਚਨਾਵਾਂ ਕੀਤੀਆਂ ਹਨ। ਪੰਜਾਬੀ ਲੇਖਕਾਂ ਦੀਆਂ ਜਥੇਬੰਦੀਆਂ ਜਾਂ ਪ੍ਰਗਤੀਸ਼ੀਲ ਲੇਖਕ ਸੰਘ ਜਿਹੇ ਸੰਗਠਨਾਂ ਵਿਚ ਵੀ ਉਹ ਸਰਗਰਮ ਰਹੇ ਹਨ। ਸਿਆਸਤ ਦੇ ਸਰਗਰਮ ਘੋਲ ਵਿਚ ਵੀ ਉਨ੍ਹਾਂ ਹੱਥ-ਅਜ਼ਮਾਈ ਕੀਤੀ ਹੈ। ਸੁਭਾਅ ਵਲੋਂ ਉਹ ਖ਼ੁੱਦਾਰ ਅਤੇ ਕਿਸੇ ਹੱਦ ਤਕ ਅੱਖੜ ਵੀ ਮੰਨੇ ਜਾਂਦੇ ਹਨ। ਇਨਾਮਾਂ ਸਨਮਾਨਾਂ ਅਤੇ ਪਦਵੀਆਂ ਵਿਚ ਉਨ੍ਹਾਂ ਉੱਚੇ ਤੋਂ ਉੱਚੇ ਮਰਤਬੇ ਪਾਏ ਹਨ। ਪੰਜਾਬੀ ਸਾਹਿਤ ਦਾ ਹਰ ਵਿਦਿਆਰਥੀ ਉਨ੍ਹਾਂ ਨੂੰ ਜਾਣਦਾ ਹੈ। ਘਟੋ ਘਟ ਉਨ੍ਹਾਂ ਦੀ ਲਿਖੀ ਕਹਾਣੀ "ਪੇਮੀ ਦੇ ਨਿਆਣੇ" ਤਾਂ ਸਭ ਨੇ ਪੜ੍ਹੀ ਹੈ। ਵਿਸ਼ਵ ਸਾਹਿਤ ਵਿਚ ਇਹ ਕਹਾਣੀ ਬਹੁਤ ਉੱਚ ਅਸਥਾਨ ਰੱਖਦੀ ਹੈ।

ਸੇਖੋਂ ਸਾਹਿਬ ਸਰੀਰ ਪੱਖੋਂ ਪਿਛਲੇ ਸਮੇਂ ਤੋਂ ਢਿੱਲੇ ਢਿੱਲੇ ਹੀ ਚਲੇ ਆ ਰਹੇ ਹਨ। ਗੋਡਿਆਂ ਦੀ ਤਕਲੀਫ਼ ਤਾਂ ਉਨ੍ਹਾਂ ਦੀ ਮਸ਼ਹੂਰ ਹੈ। ਪਿਛੇ ਜਿਹੇ ਜਲੰਧਰ ਵਿਚ ਕੀਤੇ 'ਕਹਾਣੀ ਉਤਸਵ—੯੬' ਵਿਚ ਪਧਾਰਨ ਵਾਸਤੇ ਕਹਿਣ ਲਈ ਅਸੀਂ (ਗੁਰਬਖਸ਼ ਸੰਘ ਬੰਨੋਆਣਾ, ਵਰਿਆਮ ਸਿੰਘ ਸੰਧੂ, ਜਗਦੀਸ਼ ਸਿੰਘ ਵਰਿਆਮ) ਉਹਨਾਂ ਦੇ ਘਰ ਦਾਖੇ ਗਏ ਸੀ। ਸਾਡੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਉਹ ਜਲੰਧਰ ਪਧਾਰੇ ਸਨ ਅਤੇ ਉਹਨਾਂ ਪ੍ਰਧਾਨਗੀ ਭਾਸ਼ਣ ਵੀ ਦਿਤਾ ਸੀ, ਪਰ ਸਟੇਜ ਉਤੇ ਚੜ੍ਹਨ ਤੋਂ ਅਸਮਰਥ ਸਨ। ਉਹਨਾਂ ਥੱਲੇ ਹੀ ਕੁਰਸੀ ਤੇ ਬੈਠਿਆਂ ਇਹ ਭਾਸ਼ਨ ਦਿਤਾ ਸੀ।

ਅਖਬਾਰਾਂ ਵਿਚ ਉਹਨਾਂ ਦੀ ਢਿੱਲੀ ਸਿਹਤ ਦੀਆਂ ਖਬਰਾਂ ਨੇ ਪੰਜਾਬੀ ਸਾਹਿਤ ਜਗਤ ਨੂੰ ਫ਼ਿਕਰਾਂ ਵਿਚ ਪਾਇਆ ਸੀ। ਉਹ ਪਟਿਆਲੇ ਆਪਣੀ ਛੋਟੀ ਸਪੁੱਤਰੀ ਅਲਖ਼ ਜੋਤ ਦੇ ਘਰ ਠਹਿਰੇ ਹੋਏ ਸਨ। ਅਖਬਾਰਾਂ ਵਿਚ ਹੀ ਉਹਨਾਂ ਦੇ ਇਲਾਜ ਵਾਸਤੇ ਸਹਾਇਤਾ ਦੀਆਂ ਅਪੀਲਾਂ ਵੀ ਛਪ ਰਹੀਆਂ ਸਨ ਅਤੇ ਵਾਅਦਿਆਂ ਦੀਆਂ ਖਬਰਾਂ ਵੀ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਧਿਆਨ ਸੰਤ ਤਰਸੇਮ ਸਿੰਘ ਹੋਰਾਂ ਇਧਰ ਦਿਵਾਇਆ ਤਾਂ ਸਤਿਗੁਰੂ ਜੀ ਨੇ ਚੁਟਕੀ ਦੇ ਸਮੇਂ ਵਿਚ ਅਮਲੀ ਨਿਰਣਾ ਲਿਆ। ਸੰਤ ਦਲੀਪ ਸਿੰਘ, ਸੂਬਾ ਸੇਵਾ ਸਿੰਘ ਆਦਿ ਤੇ ਆਧਾਰਤ ਸਿੱਖਾਂ ਦਾ ਇਕ ਜਥਾ ਸੇਖੋਂ ਸਾਹਿਬ ਦੀ ਖਬਰ-ਸੁਰਤ ਵੀ ਲੈਣ ਗਿਆ ਅਤੇ ਇਲਾਜ ਪੱਖੋਂ ਵੀ ਨਿਸਚਿੰਤ ਕਰ ਦਿੱਤਾ। ਸਤਿਗੁਰੂ ਜੀ ਸਿਖਰ ਦੀ ਸ਼ਖ਼ਸੀਅਤ ਹਨ। ਉਹ ਇਕ ਯੁੱਗ-ਪੁਰਸ਼ ਹਨ, ਜਿਨ੍ਹਾਂ ਦੀਆਂ ਸਰਗਰਮੀਆਂ ਦਾ ਖੇਤਰ ਬਿਆਨ ਦੇ ਘੇਰੇ ਤੋਂ ਸੁਤੰਤਰ ਹੈ। ਉਹਨਾਂ ਵਲੋਂ ਬੇਅੰਤ ਗਤੀਵਿਧੀਆਂ ਵਿਚ ਵਿਅਸਤ ਰਹਿਣ ਦੇ ਬਾਵਜੂਦ ਪੰਜਾਬੀ ਸਾਹਿਤ ਜਗਤ ਨਾਲ ਸਾਂਝ ਦੀ ਗੱਲ ਕਰਨੀ ਹੋਵੇ ਤਾਂ ਇਹ ਵੱਖਰੀ ਪੁਸਤਕ ਚਾਹੀਦੀ ਹੈ। ਬਜ਼ੁਰਗਾਂ ਦੀ ਸੇਵਾ ਕਰਨਾ ਤਾਂ ਉਹਨਾਂ ਦਾ ਇਕ ਇਸ਼ਕ ਹੈ...ਤੇ ਜਦੋਂ ਵਿਅਕਤੀ ਬਜ਼ੁਰਗ ਵੀ ਹੋਵੇ ਅਤੇ ਲੇਖਕ ਵੀ ਤਾਂ ਉਹ ਵਿਚਾਰਧਾਰਾ ਦੀ ਮੁਥਾਜੀ ਤੋਂ ਮੁਕਤ ਹੁੰਦੇ ਹਨ। ਸ਼ਾਇਦ ਇਹ ਗੱਲ ਵੀ ਬਹੁਤ ਹੋਰ ਗੱਲਾਂ ਵਾਂਗ ਜ਼ਿਕਰ ਹੇਠ ਨਾ ਆਉਂਦੀ, ਪਰ ਕਿਉਂਕਿ ਸੇਖੋਂ ਸਾਹਿਬ ਨੇ ਇਹ ਗੱਲ 'ਦੇਸ਼ ਸੇਵਕ' ਦੇ ਸੰਪਾਦਕ ਤੇ ਪ੍ਰਸਿਧ ਸਾਹਿਤਕਾਰ ਸ. ਗੁਲਜ਼ਾਰ ਸਿੰਘ ਸੰਧੂ ਨੂੰ ਆਪ ਦੱਸੀ ਅਤੇ ਉਹਨਾਂ ਆਪਣੇ ਅਖਬਾਰ ਵਿਚ ਛਾਪੀ ਵੀ ਹੈ ਇਸ ਵਾਸਤੇ ਇਹ ਲਿਖ ਦੇਣ ਵਿਚ ਹੁਣ ਸੰਕੋਚ ਅਸੀਂ ਵੀ ਤੋੜਦੇ ਹਾਂ ਕਿ ਸਤਿਗੁਰੂ ਜੀ ਨੇ ਤੁਰੰਤ ਪੱਚੀ ਹਜ਼ਾਰ ਰੁਪਏ ਨਕਦ ਵੀ ਨਾਲ ਭੇਜੇ ਸਨ। ਗਲ ਪੱਚੀ ਹਜ਼ਾਰ ਰੁਪਏ ਦੀ ਨਹੀਂ ਗਲ ਭਾਵਨਾ ਅਤੇ ਪਹੁੰਚ ਦੀ ਹੈ ਜਿਸ ਨੇ ਪੰਜਾਬੀ ਸਾਹਿਤ ਦੇ ਇਸ ਸੰਤ ਨੂੰ ਪਿਘਲਾ ਦਿਤਾ। (ਉਹਨਾਂ ਦੇ ਘਰ ਪਿੰਡ ਦਾਖੇ ਵਿਚ ਵਾਰਤਾਲਾਪ ਸਮੇਂ ਜਦ ਅਸੀਂ ਆਖਿਆ ਕਿ



Sri Satguru Jagjit Singh Ji eLibrary NamdhariElibrary@gmail.com

ਲੇਖਕ ਦੀ ਕਿਰਤ ਦਾ ਮੁਲ ਪੈਸਿਆਂ ਵਿਚ ਨਹੀਂ ਪਾਇਆ ਜਾਂ ਸਕਦਾ ਤਾਂ ਸੇਖੋਂ ਸਾਹਿਬ ਨੇ ਕਿਹਾ ਸੀ ਕਿ ਮੁਲ ਤਾਂ ਪੈਸਿਆਂ ਨਾਲ ਹੀ ਪਾਇਆ ਜਾਂਦਾ ਹੈ। ਪਿਛੇ ਜਿਹੇ ਇਹ ਹੀ ਗਲ ਰਾਮ ਸਰੂਪ ਅਣਖੀ ਨੇ ਲਿਖੀ ਹੈ ਕਿ ਵਡੇ ਲੇਖਕਾਂ ਨੂੰ ਸਨਮਾਨ ਵਿਚ ਬੇਕਾਰ 'ਵਉਦੇ' ਫੜਾ ਦਿਤੇ ਜਾਂਦੇ ਹਨ। ਖੈਰ) ਪਰਿਵਾਰ ਦੇ ਜੀਆਂ ਨੇ ਨਾਮਧਾਰੀ ਅਕੀਦੇ ਅਨੁਸਾਰ ਭਜਨ ਤਾਂ ਪੁਛਿਆ ਹੀ। ਸੇਖੋਂ ਸਾਹਿਬ ਨੇ ਕਿਹਾ ਕਿ ਉਹ ਤੰਦਰੁਸਤ ਹੁੰਦੇ ਹੀ ਸਤਿਗੁਰੂ ਜੀ ਦੇ ਭੈਣੀ ਸਾਹਿਬ ਜਾ ਕੇ ਦਰਸ਼ਨ ਕਰਨਗੇ, ਧੰਨਵਾਦ ਵੀ ਕਰਨਗੇ। ਜਦੋਂ ਦਸਿਆ ਗਿਆ ਕਿ ਸਤਿਗੁਰੂ ਜੀ ਤੇ ੨੮ ਮਈ ਨੂੰ ਵਿਦਿਅਕ ਸੰਮੇਲਣ ਦੀ ਸਮਾਪਤੀ ਨਾਲ ਚਲੇ ਜਾਣਗੇ ਅਤੇ ਵਿਦੇਸ਼ੀ ਟੂਰ ਤੋਂ ਤਾਂ ਉਹ ਦੋ ਮਹੀਨਿਆਂ ਬਾਦ ਹੀ ਪਰਤਣਗੇ ਤਾਂ ਪਰਸਪਰ ਗਲਬਾਤ ਨਾਲ ੨੭ ਨੂੰ ਹੀ ਭੈਣੀ ਸਾਹਿਬ ਯਾਤਰਾ ਦਾ ਪਰਬੰਧ ਕੀਤਾ ਗਿਆ ਤੇ ਸਚਮੁੱਚ ਸੇਖੋਂ ਸਾਹਿਬ ਸ੍ਰੀ ਭੈਣੀ ਸਾਹਿਬ ਪਧਾਰੇ। ਸ਼ਾਇਦ ਇਸ ਹਾਲਤ ਵਿਚ ਉਹ ਕਿਤੇ ਵੀ ਨਾ ਜਾਂਦੇ। ਉਹਨਾਂ ਦੇ ਪੋਤਰੇ ਨੇ ਉਹ ਬਲੇਡਰ ਚੁਕਿਆ ਹੋਇਆ ਸੀ ਜੋ ਨਾਲੀ ਰਾਹੀਂ ਸੇਖੋਂ ਸਾਹਿਬ ਦੇ ਸਰੀਰ ਨਾਲ ਜੁੜਿਆ ਸੀ। ਗੁਦੂਦਾਂ (ਗਲੈਂਡਜ਼) ਦਾ ਆਪਰੇਸ਼ਨ ਹੋਇਆ ਹੋਇਆ ਸੀ। ਪਰ ਉਹ ਬਹੁਤ ਸੁਚੇਤ ਅਤੇ ਚੇਤੰਨ ਸਨ। ਉਹਨਾਂ ਦੀਆਂ ਦੋ ਸਪੁਤਰੀਆਂ ਦੋਹਤੇ ਦੋਹਤੀਆਂ ਪੋਤਾ ਅਤੇ ਹੋਰ ਵੀ ਸੰਬੰਧੀ ਆਏ ਸਨ। ਸਤਿਗੁਰੂ ਜੀ ਆਪ ਵੀ ਆ ਕੇ ਬਚਨ ਬਿਲਾਸ ਕੀਤੇ ਅਤੇ ਸਤਿਗੁਰੂ ਜੀ ਦੇ ਸ੍ਰੀ ਮਹਿਲ ਮਾਤਾ ਚੰਦ ਕੌਰ ਵੀ ਪਰਿਵਾਰ ਨੂੰ ਮਿਲਣ ਆਏ। ਸੇਖੋਂ ਸਾਹਿਬ ਬਾਰ ਬਾਰ ਇਸ ਗਲ ਦਾ ਜ਼ਿਕਰ ਕਰਦੇ ਸਨ ਕਿ ਮੈਂ ਤਾਂ ਇਹਨਾਂ ਲਈ ਕੁਝ ਲਿਖਿਆ ਹੀ ਨਹੀਂ। ਮੈਂ ਤਾਂ ਨਾਸਤਕ ਹਾਂ ਇਹਨਾਂ ਨੂੰ ਮੇਰਾ ਖਿਆਲ ਕਿਵੇਂ ਆਇਆ। ਸਬਬ ਨਾਲ ਨਾਮਧਾਰੀ ਸਮਾਜ ਨਾਲ ਸੰਬੰਧਤ ਪੰਜਾਬੀ ਲੇਖਕ, ਪ੍ਰੋ. ਕਿਰਪਾਲ ਸਿੰਘ ਕਸੇਲ (ਸੇਖੋਂ ਵਿਦਿਆਰਥੀ) ਪ੍ਰੀਤਮ ਸਿੰਘ ਪੰਛੀ, ਪ੍ਰੀਤਮ ਸਿੰਘ ਕਵੀ, ਜਗਦੀਸ਼ ਸਿੰਘ ਵਰਿਆਮ, ਪ੍ਰੋ. ਤਾਰਾ ਸਿੰਘ ਅਣਜਾਨ, ਸਾਧੂ ਸਿੰਘ ਕਿਸਾਨ, ਮਾਸਟਰ ਅਮਰੀਕ ਸਿੰਘ, ਅਜੀਤ ਸਿੰਘ ਚੀਮਾ, ਦਲੀਪ ਸਿੰਘ, ਰਣਧੀਰ ਸਿੰਘ ਧੀਰਾ ਵੀ ਉਥੇ ਹਾਜ਼ਰ ਸਨ ਅਤੇ ਇਕ ਹੋਰ ਬੀਮਾਰ ਲੇਖਕ ਵੀ ਹੌਲੀ ਹੌਲੀ ਤੁਰਦਾ ਉਥੇ ਪਹੁੰਚ ਗਿਆ—ਸੁਰਜੀਤ ਖੁਰਸ਼ੀਦੀ। ਸਤਿਗੁਰੂ ਜੀ ਕੁਝ ਸਮਾਂ ਆਸ਼ੀਰਵਾਦ ਹਿਤ ਬੈਠ ਕੇ ਚਲੇ ਗਏ। ਪਰਿਵਾਰ ਵਾਲੇ ਸ੍ਰੀ ਭੈਣੀ ਸਾਹਿਬ ਦੇ ਸਥਾਨਾਂ ਦੀ ਯਾਤਰਾ ਲਈ ਨਿਕਲ ਪਏ। ਸੇਖੋਂ ਸਾਹਿਬ ਖੁਲੇ ਬਚਨ ਬਿਲਾਸ ਕਰਦੇ ਰਹੇ। ਬਾਅਦ ਵਿਚ ਅਸੀਂ ਇਕਠੇ ਪਟਿਆਲਾ ਵੀ ਗਏ। ਸ੍ਰੀ ਭੈਣੀ ਸਾਹਿਬ ਅਤੇ ਪਟਿਆਲੇ ਮਾਰਗ ਵਿਚ ਸੰਤ ਸਿੰਘ ਸੇਖੋਂ ਹੈਰਾਨ ਸੀ ਕਿ ਮੇਰੀ ਮਦਦ ਇਹਨਾਂ ਕੀਤੀ ਹੈ। ਪੰਜਾਬੀ ਸਾਹਿਤ ਦੇ ਇਸ ਸ਼ਹਿਨਸ਼ਾਹ ਨੂੰ ਹੋਰ ਕਿਸੇ ਗਲ ਦੀ ਏਡੀ ਪਰਵਾਹ ਨਹੀਂ ਪਰ ਉਹ ਸਤਿਗੁਰੂ ਜੀ ਦੀ ਪਹੁੰਚ ਨੂੰ ਵਾਹਵਾ ਇਹਸਾਨ ਜਿਹਾ ਮੰਨ ਰਹੇ ਸਨ। ਸੇਖੋਂ ਸਾਹਿਬ ਨੇ ਬਾਬਾ ਬੋਹੜ ਵਿਚੋਂ ਬਹੁਤ ਕੁਝ ਜ਼ਬਾਨੀ ਸੁਣਾਇਆ ਹਰ ਇਕ ਨੇ ਉਹਨਾਂ ਦੀ "ਪ੍ਰੇਮੀ ਦੇ ਨਿਆਣੇ" ਦੀ ਗਲ ਕੀਤੀ। ਸੇਖੋਂ ਸਾਹਿਬ ਨੇ ਮੰਨਿਆ ਕਿ ਇਹ ਮੇਰੀ ਆਪਣੀ ਹੀ ਕਹਾਣੀ ਹੈ ਸੱਚੀ। ਪਰ ਬਾਰ ਬਾਰ ਉਹ ਉਹਨਾਂ ਦੀ ਪੁਛ ਇਕੋ ਹੀ ਸੀ। ਕਸੇਲ ਸਾਹਿਬ ਨੇ ਸਤਿਗੁਰੂ ਜੀ ਦੇ ਕਿਰਦਾਰ ਨੂੰ ਬਾਖੂਬੀ ਖੋਹਲ ਕੇ ਦਸਿਆ। ਉਥੇ ਵੀ ਰਾਹ ਵਿਚ ਵੀ। ਸੇਖੋਂ ਸਾਹਿਬ ਇਕ ਗਲ ਬਾਰ-ਬਾਰ ਕਹਿ ਰਹੇ ਸਨ, "ਮੈਂ ਤਾਂ ਬਹੁਤ ਅਖੜ ਰਿਹਾ ਹਾਂ। ਮੇਰੇ ਵਿਚ ਹੰਕਾਰ ਬਹੁਤ ਰਿਹਾ ਹੈ।" ਇਲਿਆਸ ਘੁੰਮਣ ਦਾ ਜ਼ਿਕਰ ਚਲ ਪਿਆ। ਕਹਿਣ ਲਗੇ 'ਇਹ ਵੀ ਮੇਰਾ ਹੰਕਾਰ ਹੈ ਕਿ ਮੈਂ ਸਮਝਦਾ ਹਾਂ ਕਿ ਉਹ ਮੇਰੇ ਘਰ ਮਿਲਣ ਕਿਉਂ ਨਹੀਂ ਆਇਆ।' ਉਹਨਾਂ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵਾਕ ਵਾਰ ਵਾਰ ਦੁਹਰਾਇਆ।

ਕੂਰ ਕ੍ਰਿਆ ਉਰਝਿਓ ਸਭ ਹੀ ਜਗੁ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ

ਮੈਂ ਕਿਹਾ ਸੇਖੋਂ ਸਾਹਿਬ ਤੁਹਾਡੀ ਨਾਸਤਕਤਾ ਨੂੰ ਖਤਰਾ ਪਿਆ ਲਗਦਾ ਹੈ। ਜ਼ੋਰ ਦੀ ਠਹਾਕਾ ਮਾਰ ਕੇ ਸੰਤ ਸਿੰਘ ਸੇਖੋਂ ਹੱਸੇ। ਕਹਿਣ ਲਗੇ ਠੀਕ ਗਲ ਹੈ। ਉਹਨਾਂ ਨੂੰ ਜਦ ਦਸਿਆ ਗਿਆ ਕਿ ਸਤਿਗੁਰੂ ਜੀ ਦੇ ਸ੍ਰੀ ਮਹਿਲ ਮਾਤਾ ਚੰਦ ਕੌਰ ਇਕ ਸਾਧਾਰਨ ਘਰੇਲੂ ਔਰਤ ਵਾਂਗ ਪਰਸ਼ਾਦੇ ਪਕਾਉਂਦੇ ਭਾਂਡੇ ਮਾਂਜਦੇ ਗੋਹਾ ਕੂੜਾ ਅਤੇ ਇਟਾਂ ਵੀ ਸਿਰ ਤੇ ਰਖ ਕੇ ਲੈ ਜਾਂਦੇ ਹਨ ਤਾਂ ਉਹ ਬਹੁਤ ਹੈਰਾਨ ਹੋਏ। ਨਾਲ ਲਗਦੇ ਕਮਰੇ ਵਿਚੋਂ ਸੰਗੀਤ ਧੁਨਾਂ ਉਹਨਾਂ ਸੁਣੀਆਂ ਸਨ ਅਤੇ ਪਰਿਵਾਰ ਨੇ ਜਾ ਕੇ ਸਤਿਗੁਰੂ ਜੀ ਦੇ ਸੰਗੀਤ ਸੰਸਾਰ ਦੇ ਦਰਸ਼ਨ ਵੀ ਕੀਤੇ ਸਨ। ਇਤਿਹਾਸ ਤਾਂ ਉਹਨਾਂ ਕੁਝ ਸੁਣਿਆ ਪੜ੍ਹਿਆ ਹੋਵੇਗਾ ਪਰ ਜਾਪਦਾ ਸੀ ਕਿ ਏਡ ਵਿਦਵਾਨ ਦੇ ਧਿਆਨ ਵਿਚੋਂ ਇਕ ਸੰਸਾਰ, ਭੈਣੀ ਸਾਹਿਬ ਦੇ ਨਾਮਧਾਰੀ ਸਭਿਆਚਾਰ ਦਾ ਸੰਸਾਰ ਉਹਲੇ ਹੀ ਰਿਹਾ ਸੀ। ਇਸ ਗਲ ਦਾ ਉਹਨਾਂ ਨੂੰ ਭਰਮ ਵੀ ਸੀ। ਉਹਨਾ ਵਾਇਦਾ



Sri Satguru Jagjit Singh Ji eLibrary NamdhariElibrary@gmail.com

ਕੀਤਾ ਉਹ ਠੀਕ ਹੋ ਕੇ ਲਿਖਣਗੇ ਅਤੇ ਵਰਿਆਮ ਨੂੰ ਭੇਜਣਗੇ। ਉਹ ਮੁੜ ਭੈਣੀ ਸਾਹਿਬ ਆਉਣਗੇ। ਉਹਨਾਂ ਕਸੇਲ ਸਾਹਿਬ ਦੀ ਜ਼ਬਾਨੀ ਉਹਨਾਂ ਦੀ ਰੂਹਾਨੀ ਕਾਇਆ ਕਲਪ ਦੀ ਕਹਾਣੀ ਵੀ ਦਿਲਚਸਪੀ ਨਾਲ ਸੁਣੀ।

ਉਹਨਾਂ ਦੇ ਘਰੋਂ ਮਾਤਾ ਗੁਰਚਰਨ ਕੌਰ ਚੁੱਪ-ਗੜੁੱਪ ਬੈਠੇ ਰਹੇ। ਭਵਿਖ ਦੀ ਕੁੱਖ ਵਿਚ ਕੀ ਹੈ? ਪਤਾ ਨਹੀਂ। ਹੁਣ ਇਹ ਪਤਾ ਲਗਾ ਹੈ ਕਿ ਮਾਤਾ ਗੁਰਚਰਨ ਕੌਰ ਚੜ੍ਹਾਈ ਕਰ ਗਏ ਹਨ। ਆਉਣ-ਜਾਣ ਹੁਕਮ ਦੀ ਖੇਡ ਹੈ। 'ਵਰਿਆਮ' ਦੇ ਇਸ ਅੰਕ ਵਿਚ ਸੇਖੋਂ ਸਾਹਿਬ ਦੀ ਸਤਿਗੁਰੂ ਜੀ ਨਾਲ ਮਿਲਣੀ ਦੀ ਤਸਵੀਰ ਛਪੀ ਹੈ, ਇਸ ਵਿਚ ਮਾਤਾ ਗੁਰਚਰਨ ਕੌਰ ਵੀ ਹਨ। ਸ਼ਾਇਦ ਇਹ ਮਾਤਾ ਜੀ ਦੀ ਆਖਰੀ ਖਿੱਚੀ ਤਸਵੀਰ ਹੀ ਹੋਵੇ। ਖਬਰਾਂ ਆਈਆਂ ਹਨ ਕਿ ਸੇਖੋਂ ਸਾਹਿਬ ਮੁੜ ਬਿਮਾਰ ਹਨ। ਅਸੀਂ ਉਹਨਾਂ ਦੀ ਲੰਮੀ ਉਮਰ ਲਈ ਅਰਦਾਸ ਕਰਦੇ ਹਾਂ। ਉਹਨਾਂ ਦੀ ਰੀਝ ਹੈ ਕਿ ਪੋਤਰੇ ਦਾ ਵਿਆਹ ਜ਼ਰੂਰ ਵੇਖਣ। ਇਹ ਹੋ ਵੀ ਸਕਦਾ ਹੈ, ਕਿਉਂਕਿ

ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

—ਜਗਦੀਸ਼ ਸਿੰਘ

## ਨਾਮਧਾਰੀ ਵਿਦਿਅਕ ਸੰਮੇਲਨ

ਨਾਮਧਾਰੀ ਵਿਦਿਅਕ ਸੰਮੇਲਨਾਂ ਦੀ ਲੜੀ ਵਿਚ ਇਕ ਹੋਰ ਸੰਮੇਲਨ ਜੁੜ ਗਿਆ ਹੈ—ਜਥੇ ਦਾ ੩੩ਵਾਂ ਸੰਮੇਲਨ + ਬੀਬੀਆਂ ਦੇ ਜਥੇ ਦਾ ੧੭ਵਾਂ ਸਾਲਾਨਾ ਸੰਮੇਲਨ। ਗਿਣਤੀ ਦੇ ਪੱਖੋਂ ਇਹ ਸੰਮੇਲਨ ਏਨਾ ਵਿਸਥਾਰ ਕਰ ਗਿਆ ਹੈ ਕਿ ਸ਼ਾਇਦ ਇਹ ਹੁਣ ਭੈਣੀ ਸਾਹਿਬ ਤੋਂ ਬਾਹਰ ਕਰਨਾ ਮੁਸ਼ਕਲ ਹੋਵੇ। ਪ੍ਰਬੰਧਕਾਂ ਨੇ ਜਤਨ ਕੀਤੇ ਹਨ ਕਿ ਥਾਂ ਥਾਂ ਜਾ ਕੇ ਨਵੇਂ ਜਥੇ ਬਣਾਏ ਜਾਣ ਅਤੇ ਉਹ ਸੰਮੇਲਨ ਵਿਚ ਭਾਗ ਲੈਣ ਵਾਸਤੇ ਵੀ ਆਉਣ। ਪ੍ਰਬੰਧਕਾਂ ਦੀ ਮਜਬੂਰੀ ਅਸੀਂ ਸਮਝਦੇ ਹਾਂ। ਇਕ ਪਾਸੇ ਤਾਂ ਨਵੇਂ ਯੁਵਕਾਂ ਨੂੰ ਉਹ ਪ੍ਰੇਰਦੇ ਹਨ ਕਿ ਚਲੋ ਭੈਣੀ ਸਾਹਿਬ ਤੇ ਦੂਸਰੇ ਪਾਸੇ ਪ੍ਰਬੰਧ ਦੀਆਂ ਲੋੜਾਂ ਜਵਾਨਾਂ ਤੇ ਨਿਯੰਤਰਣ ਮਜ਼ਬੂਤ ਕਰਨ ਲਈ ਮਜਬੂਰ ਕਰਦੀਆਂ ਹਨ। ਫੇਰ ਵੀ ਉਹ ਬਹੁਤ ਹੱਦ ਤਕ ਕਾਮਯਾਬ ਰਹੇ ਹਨ। ਏਡੇ ਵੱਡੇ ਪੂਰੇ ਰੁਝੇਵੇਂ ਭਰੇ ਪ੍ਰੋਗਰਾਮਾਂ ਵਿਚ ਨੌਜਵਾਨਾਂ ਦੀ ਦਿਲਚਸਪੀ ਜਗਾ ਜਾਣਾ ਹੀ ਕਾਮਯਾਬੀ ਹੈ। ਕਿਤੇ ਭਾਸ਼ਨ ਹੋ ਰਹੇ ਸਨ ਕਿਤੇ ਹਵਨ, ਕਿਤੇ ਕੀਰਤਨ ਦੇ ਮੁਕਾਬਲੇ। ਬੀਬੀਆਂ ਨੇ ਤਾਂ ਖਾਣਾ ਪਕਾਉਣਾ, ਕਟਾਈ-ਸਿਲਾਈ ਅਤੇ ਇਸਤਰੀ ਸਿਹਤ ਸਬੰਧੀ ਵਿਸ਼ੇਸ਼ ਭਾਸ਼ਣ ਕਰਵਾਕੇ ਹੋਰ ਵੀ ਪ੍ਰੋਗਰਾਮ ਨੂੰ ਵਿਸਥਾਰ ਦਿਤਾ ਹੈ। ਬੁੜ੍ਹਕਦੇ ਫੁੱਟਬਾਲ ਦੀਆਂ ਆਵਾਜ਼ਾਂ, ਕੌਡੀ ਕੌਡੀ ਕਰਦੇ ਜਵਾਨ, ਕੀਰਤਨ ਦੀਆਂ ਪੁਰਾਤਨ ਰੀਤਾਂ ਗਾਉਂਦੇ ਬੱਚੇ ਵਿਚੋਂ-ਵਿਚ ਹੋ ਰਹੇ ਸਭਿਆਚਾਰਕ ਇਨਕਲਾਬ ਦੀ ਬਾਤ ਤਾਂ ਪਾਉਂਦੇ ਹੀ ਹਨ। ਕੁਝ ਨੌਜਵਾਨਾਂ ਨੇ ਬੜੇ ਪ੍ਰੌਢ ਪੱਧਰ ਦੇ ਭਾਸ਼ਨ ਦਿਤੇ ਹਨ। ਗੁਰਬਾਣੀ ਅੰਤਰਾਕਸ਼ਰੀ, ਕੁਵਿਜ਼ ਪ੍ਰੋਗਰਾਮ ਅਤੇ ਸੁਧ ਪਾਠ ਸਿਖਲਾਈ ਦੇ ਪ੍ਰੋਗਰਾਮ ਬਹੁਤ ਦਿਲਚਸਪ ਸਨ। ਦਸਤਾਰ ਸਜਾਉਣ ਦਾ ਅਮਲੀ ਪ੍ਰਦਰਸ਼ਨ ਵੀ ਵੇਖਿਆ।

ਸੰਮੇਲਨ ਤੇ ਖਰਚ ਖੇਚਲ ਕਰਨ ਵਾਲੇ ਜਲੰਧਰ ਦਿਹਾਤੀ ਦਾ ਜਥਾ ਅਤੇ ਸੰਗਤ, ਨਵਾਂਸ਼ਹਿਰ ਅਤੇ ਫਗਵਾੜਾ ਦਾ ਜਥਾ ਅਤੇ ਸੰਗਤ ਨੇ ਵਾਹਵਾ ਧੰਨਤਾ-ਯੋਗ ਕਾਰਜ ਕੀਤਾ ਹੈ। ਬਹੁਤ ਉਲਝੀਆਂ ਪ੍ਰਸਥਿਤੀਆਂ ਵਿਚ ਉਹਨਾਂ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਿਆ ਹੈ। ਦੁਆਬੇ ਦੀ ਪੁਰਾਣੀ ਦੇਸ਼ ਭਗਤੀ ਅਤੇ ਗੁਰੂ ਭਗਤੀ ਦੇ ਅੰਸ਼ ਅਜੇ ਇਥੇ ਮੌਜੂਦ ਹਨ। ਉਨ੍ਹਾਂ ਦਿਨ ਰਾਤ ਇਕ ਕਰਕੇ ਸੇਵਾ ਕੀਤੀ ਹੈ।

ਅਸੀਂ ਕੁਝ ਇਹ ਵੀ ਮਹਿਸੂਸ ਕੀਤਾ ਹੈ ਕਿ ਇਹ ਸੰਮੇਲਣ ਜ਼ਿਆਦਾ ਹੀ ਮੁਕਾਬਲਾ--ਸੰਮੇਲਨ ਬਣ ਗਿਆ ਹੈ। ਮੁਕਾਬਲੇ ਚੋਂ ਉਪਰ ਨਾ ਆਉਣ ਵਾਲਿਆਂ ਵਾਸਤੇ ਦਿਲਚਸਪੀ ਘਟ ਜਾਣੀ ਸੁਭਾਉਕੀ ਹੈ। ਇਸ ਬਾਰੇ ਕੀ ਕੀਤਾ ਜਾਵੇ ਇਹ ਸੋਚਣਾ ਕੇਂਦਰੀ ਕਮੇਟੀ ਦਾ ਫਰਜ਼ ਹੈ ਅਤੇ ਉਹ ਸਾਰੇ ਸੰਮੇਲਨ ਦਾ ਵਿਸ਼ਲੇਸ਼ਣ ਕਰ ਹੀ ਰਹੇ ਹੋਣਗੇ। ਅਸੀਂ ਸੰਮੇਲਨ ਦੀ ਸਫਲਤਾ ਦੀ ਪਰਬੰਧਕਾਂ ਨੂੰ ਵਧਾਈ ਦਿੰਦਾ ਹਾਂ।

## *ਸ. ਕਰਤਾਰ ਸਿੰਘ ਪੰਛੀ ਨੂੰ ਸਦਮਾ*

ਪ੍ਰਸਿਧ ਸ਼ਾਇਰ ਅਤੇ ਮਲੇਰਕੋਟਲਾ ਖੇਤਰ ਦੀ ਪੰਜਾਬੀ ਲੇਖਕ ਲਹਿਰ ਦੀ ਅਹਿਮ ਸ਼ਖਸੀਅਤ ਸ. ਕਰਤਾਰ ਸਿੰਘ ਪੰਛੀ ਨੂੰ ਪਿਛਲੇ ਦਿਨੀਂ ਸਦਮਾ ਪਹੁੰਚਾ ਹੈ। ਉਹਨਾਂ ਦੀ ਜੀਵਨ ਸਾਥਨ ਆਪਣਾ ਸਾਥ ਪੁਗਾ ਕੇ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਅਸੀਂ ਪੰਛੀ ਜੀ ਦੇ ਇਸ ਪੜਾਅ ਤੇ ਆਏ ਅਹਿਮ ਵਿਛੋੜੇ ਦੇ ਦੁਖ ਨੂੰ ਘਟਾ ਨਹੀਂ ਸਕਦੇ ਪਰ ਅਰਦਾਸ ਕਰਦੇ ਹਾਂ ਕਿ ਉਹ ਆਪ ਹੀ ਇਨੇ ਤਗੜੇ ਹੋ ਜਾਣ ਕਿ ਇਸ ਸਦਮੇ ਦੇ ਬੋਝ ਅਤੇ ਪਰਿਵਾਰ ਪ੍ਰਤਿ ਜ਼ਿੰਮੇਵਾਰੀਆਂ ਨੂੰ ਚੁਕ ਸਕਣ। ਵਿਛੜੀ ਜੀਵ ਆਤਮਾ ਲਈ ਅਰਦਾਸ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਚਾਰ ਗ਼ਜ਼ਲਾਂ

—ਡਾ. ਜਗਤਾਰ—

### ੧.

ਜ਼ੁਲਫ਼ ਦਾ ਸਾਇਆ ਹੈ ਨਾ ਦੀਵਾਰ ਦਾ।
ਪਰ ਸਫ਼ਰ ਹੈ ਪੇਸ਼ ਮਾਰੂ ਥਾਰ ਦਾ।

ਕਿਸ ਲਈ ਸੂਰਜ ਦੀ ਸਖ਼ਤੀ ਤੋਂ ਡਰਾਂ,
ਮੇਰੇ ਸਿਰ ਸਾਇਆ ਹੈ ਜਦ ਤਲਵਾਰ ਦਾ।

ਤੁਰ ਪਿਆ ਮਕਤਲ ਦੇ ਵੱਨੀ ਖ਼ੁਦ ਬਖ਼ੁਦ,
ਹੁਣ ਲਹੂ ਮੇਰੇ ਨਹੀਂ ਅਖ਼ਤਿਆਰ ਦਾ।

ਇਸ ਨਦੀ ਨੂੰ ਸ਼ੌਕ ਡੋਬਣ ਦਾ, ਬੜਾ,
ਮੇਰੇ ਦਿਲ ਵਿਚ ਸ਼ੌਕ ਪਰਲੇ ਪਾਰ ਦਾ।

ਇਕ ਨਜ਼ਰ ਤੂੰ ਕੀ ਸਭੌਕੀ ਵੇਖਿਐ,
ਤਿੜ ਗਿਆ ਸ਼ੀਸ਼ਾ ਮਿਰੀ ਦੀਵਾਰ ਦਾ।

ਜ਼ਿੰਦਗੀ ਦੀ ਭੀਖ ਖ਼ਾਤਰ ਦੋਸਤੋ,
ਕਿਸ ਲਈ ਅੱਝਾ ਬਣਾਂ ਸਰਕਾਰ ਦਾ।

ਡਰਕੇ ਸੜਦੇ ਬਣ ਚੋਂ ਜੋ ਉੱਡਦਾ ਨਹੀਂ,
ਓਹੀ ਹੈ ਹੱਕਦਾਰ ਬਸ ਸਤਿਕਾਰ ਦਾ।

### ੨.

ਵਾਦੀਆਂ ਪਰਬਤ, ਸਮੁੰਦਰ, ਵਣ ਨਗਰ ਨਕਸ਼ੇ 'ਚ ਸਨ।
ਪਰ ਸਫ਼ਰ ਵਿਚ ਸਿਰਫ਼ ਥਲ ਹੀ ਥਲ ਮਿਰੇ ਰਸਤੇ 'ਚ ਸਨ।

ਜ਼ਿੰਦਗੀ ਲੜਦੀ ਰਹੀ ਤਨਹਾ ਨਿਹੱਥੀ ਉਮਰ ਭਰ,
ਜੰਗਜੂ ਭਾਵੇਂ ਭਿਆਨਕ ਮੌਤ ਦੇ ਦਸਤੇ 'ਚ ਸਨ।

ਕੁਝ ਬਹੀ ਰੋਟੀ ਦੇ ਟੁਕੜੇ, ਕੁਝ ਕੁ ਫਟੀਆਂ ਪੁਸਤਕਾਂ,
ਕਤਲ ਹੋਏ ਬਾਲ ਦੇ ਪਾਟੇ ਹੋਏ ਬਸਤੇ 'ਚ ਸਨ।

ਕੌਣ ਸਨ ਉਹ ਕੌਣ ਸਨ, ਇਸ ਦੌਰ ਵਿਚ ਦਰਵੇਸ਼ ਲੋਕ,
ਦੁਸ਼ਮਣਾਂ ਵਿਚ ਬੈਠ ਕੇ ਵੀ ਜੋ ਮੇਰੇ ਅੱਡੇ 'ਚ ਸਨ।

ਗਰਦ ਮਾਜ਼ੀ ਦੀ ਹਟਾਕੇ ਵੇਖਿਆ ਜਾਂ ਗ਼ੌਰ ਨਾਲ,
ਨਕਸ਼ ਤੇਰੇ ਹਾਲ ਵੀ ਦਿਲ ਦੇ ਬੁਝੇ ਸ਼ੀਸ਼ੇ 'ਚ ਸਨ।

ਕੰਧ ਸੀ ਸਾਂਝੀ ਘਰਾਂ ਦੀ ਦਰ ਦਰੀਚੇ ਨਾਲ ਨਾਲ,
ਸੌ ਕੋਹਾਂ ਦੇ ਫ਼ਾਸਲੇ ਫਿਰ ਵੀ ਮਗਰ ਰਸਤੇ 'ਚ ਸਨ।

### ੩.

ਜੋ ਤਰੀਕੇ ਰਹਿਨੁਮਾਈ ਦੇ ਬਚੇ।
ਜਾਪਦੇ ਕਿਹ ਲੁਟ ਲੁਟਾਈ ਦੇ ਬਚੇ।

ਲੁਟ ਗਿਆ ਸਭ ਕੁਝ ਬਚੀ ਇਕ ਯਾਦ ਹੀ,
ਜ਼ਖ਼ਮ ਜਾਂ ਕੁਝ ਆਸ਼ਨਾਈ ਦੇ ਬਚੇ।

ਮੇਰੀ ਬਰਬਾਦੀ ਲਈ ਹੁਣ ਵਰਤ ਲੈ,
ਜੋ ਤਰੀਕੇ ਕਜ-ਅਦਾਈ ਦੇ ਬਚੇ।

ਉਹ ਵੀ ਸਭ ਦੋਸ਼ੀ ਹੀ ਠਹਿਰਾਏ ਗਏ,
ਜੋ ਗਵਾਹ ਮੇਰੀ ਸਫ਼ਾਈ ਦੇ ਬਚੇ।

ਇਸ ਤਰ੍ਹਾਂ ਸਾਨੂੰ ਜੁਦਾ ਕੀਤਾ ਗਿਆ,
ਰਾਹ ਵੀ ਨਾ ਆਵਾਜਾਈ ਦੇ ਬਚੇ।

ਕੁਰਸੀਆਂ ਅੱਗੇ ਚੜ੍ਹਾਵਾ ਚੜ੍ਹ ਗਏ,
ਕੁਝ ਕੁ ਸਿੱਕੇ ਜੋ ਕਮਾਈ ਦੇ ਬਚੇ।

ਮਹਿਕਦੇ ਬੇਖ਼ੌਫ਼ ਹਰ ਮੌਸਮ 'ਚ ਹੀ,
ਦਾਗ਼ ਜੋ ਤੇਰੀ ਜੁਦਾਈ ਦੇ ਬਚੇ।

### ੪.

ਰਾਤ ਢਹਿਲੀ ਪੈ ਲਵੇ, ਚੰਨ ਹੋਰ ਥੱਲੇ ਬਹਿ ਲਵੇ।
ਪਰਤ ਜਾਵੀਂ, ਹੋਰ ਕੁਝ ਹਸਰਤ ਦਿਲਾਂ ਦੀ ਲਹਿ ਲਵੇ।

ਆਪਣੇ ਡੁੱਬਣ ਦੀ ਕਹਾਣੀ ਵੀ ਕਹਾਂਗਾ ਮੈਂ ਜ਼ਰੂਰ,
ਤੇਰਿਆ ਨੈਣਾਂ 'ਚੋਂ ਪਰ ਦਰਿਆ ਤਾ ਪਹਿਲੋਂ ਲਹਿ ਲਵੇ।

ਮੈਂ ਕਿਤੇ ਰੁਕਣਾ ਨਹੀਂ ਛਾਵਾਂ, ਸਰਾਵਾਂ ਵਿਚ ਕਦੇ,
ਹਮਸਫ਼ਰ ਰਸਤੇ 'ਚ ਕੋਈ ਰਹਿ ਲਵੇ ਨਾ ਰਹਿ ਲਵੇ।

ਸਭ ਨਬੇੜੇ ਮੈਂ ਕਰਾਂਗਾ ਬੈਠ ਕੇ ਸੂਰਜ ਦੇ ਨਾਲ,
ਛਾਂ ਤਿਰੀ ਦੀਵਾਰ ਦੀ ਕੁਝ ਹੋਰ ਥੱਲੇ ਲਹਿ ਲਵੇ।

ਮੇਰਾ ਦਿਲ ਦਰਿਆ ਹੈ, ਫੁੱਲਾਂ ਦੇ ਨਾ ਮੌਸਮ ਤੋਂ ਡਰੇ,
ਮੇਰੇ ਘਰ ਅੰਦਰ ਖ਼ਿਜ਼ਾਂ ਬੇਖ਼ੌਫ਼ ਹੋ ਕੇ ਰਹਿ ਲਵੇ।



Sri Satguru Jagjit Singh Ji eLibrary NamdhariElibrary@gmail.com

# ਮੇਰੀ ਸ਼ਾਂਤੀ ਨਿਕੇਤਨ ਯਾਤਰਾ-੬

—ਅਮਰ ਭਾਰਤੀ

## ਸ਼ਹਿਨਾਈ

ਮੇਲੇ ਵਿਚ ਥੋੜ੍ਹੇ ਦਿਨ ਬਾਕੀ ਸਨ ਅਤੇ ਦਿਨ ਜਿਉਂ ਜਿਉਂ ਘੱਟ ਹੁੰਦੇ ਗਏ ਮੀਰਾ ਦੇ ਗੀਤਾਂ ਦੀ ਭਰਮਾਰ ਵਧਦੀ ਗਈ। ਆਉਂਦਿਆਂ ਜਾਂਦਿਆਂ ਮੇਰੇ ਕੋਲ ਬਹਿਕੇ, ਆਪਣੇ ਘਰ ਦੀ ਬਾਰੀ ਖਲੋਤਿਆਂ ਜਿਸ ਵੇਲੇ ਵੇਖੋ ਮੀਰਾ ਮੈਨੂੰ ਸੁਣਾ ਸੁਣਾ ਗੀਤ ਗਾਉਂਦੀ।

ਪਰ ਅਸਲ ਵਿਚ ਉਹ ਇਕ ਤਿਆਰੀ ਵਿਚ ਲਗੀ ਹੋਈ ਸੀ। ਜਦੋਂ ਉਸਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਉਸ ਦਾ ਪ੍ਰਭਾਵ ਪੱਕਾ ਜੰਮ ਗਿਆ ਹੈ ਤਾਂ ਉਸ ਨੇ ਸਾਰਾ ਮੇਲਾ ਮੇਰੇ ਨਾਲ ਰਲਕੇ ਵੇਖਣ ਦਾ ਪ੍ਰਸਤਾਓ ਰਖਿਆ। ਮੇਰੇ ਲਈ ਇਸ ਤੋਂ ਵਧ ਖੁਸ਼ੀ ਦੀ ਗੱਲ ਭਲਾ ਕੀ ਹੋ ਸਕਦੀ ਸੀ, ਏਡੇ ਸਾਰੇ ਮੇਲੇ ਵਿਚ ਇਕੱਲਿਆਂ ਗਵਾਚੇ ਗਵਾਚੇ ਫਿਰਨ ਨਾਲੋਂ ਮੀਰਾ ਨਾਲ ਰਲ ਕੇ ਮੇਲਾ ਵੇਖਣ ਨਾਲ ਨਿਸਚੇ ਹੀ ਉਹ ਮੇਲਾ ਮੇਰੇ ਲਈ ਵੀ ਮੇਲਾ ਬਣ ਜਾਂਦਾ। ਪਰ ਮੈਂ ਘਬਰਾਇਆ ਓਦੋਂ ਜਦੋਂ ਮੀਰਾ ਨੇ ਆਪਣਾ ਦੂਸਰਾ ਪ੍ਰਸਤਾਓ ਪੇਸ਼ ਕੀਤਾ।

'ਭਾਰਤੀ ਦਾ, ਮੇਲਾਏ ਆਮਾਕੇ ਚੁਰੀ ਕੀਨੇ ਦਿਬੇਨ ਤੋ।'

'ਚੁਰੀ! ਚੁਰੀ ਕੀ ਮੀਰਾ?'

'ਚੁਰੀ ਜੇ ਹਾਤੇ ਪੋਰਾ ਜਾਏ, ਗੋਲ ਗੋਲ ਕਾਂਚੇਰ, ਤਾਕੇ ਆਪਨਾਰ ਦੇਸ਼ੇ ਕੀ ਬੋਲੇ?'

'ਓਹ, ਤੂੰ ਚੂੜੀਆਂ ਦੀ ਗੱਲ ਕਰਨੀ ਏਂ? ਸਾਡੇ ਦੇਸ਼ ਵਿਚ ਵੀ ਇਨ੍ਹਾਂ ਨੂੰ ਚੂੜੀਆਂ ਹੀ ਆਖਦੇ ਨੇ।'

'ਹੈਂ ਹੈਂ ਸ਼ੇਈ ਚੂਰੀ। ਆਮਾਕੇ ਕੀਨੇ ਦਿਬੇਨ ਤੋ? ਭਾਰਤੀ ਦਾ ਆਮਾਕੇ ਅੱਬਸੋਈ ਕੀਨੇ ਦਿਬੇਨ। ਆਮਾਕੇ ਬੱਡੋ ਭਾਲੋ ਲਾਗੇ।'

'ਨਾ ਮੈਂ ਚੂੜੀਆਂ ਕਿਉਂ ਲੈ ਕੇ ਦਿਆਂਗਾ, ਤੂੰ ਆਪਣੇ ਪਿਤਾ ਕੋਲੋਂ ਹੀ ਲਵੀਂ ਤੇ ਮੇਲਾ ਵੀ ਉਨ੍ਹਾਂ ਨਾਲ ਹੀ ਵੇਖੀਂ।'

'ਨਹੀਂ ਮੈਂ ਤਾਂ ਤੁਹਾਡੇ ਨਾਲ ਹੀ ਮੇਲਾ ਵੇਖਾਂਗੀ ਤੇ ਚੂੜੀਆਂ ਵੀ ਜ਼ਰੂਰ ਹੀ ਖਰੀਦ ਕੇ ਦੇਣੀਆਂ ਪੈਣਗੀਆਂ, ਹੈਂ ਭਾਰਤੀ ਦਾ।'

'ਪਰ ਜੇ ਤੇਰੇ ਪਿਤਾ ਨੇ ਆਖਿਆ ਕਿ ਤੂੰ ਚੂੜੀਆਂ ਲੈ ਕੇ ਦੇਣ ਵਾਲਾ ਕੌਣ ਹੋਵੇਂ, ਤਦ?'

'ਮੈਂ ਉਨ੍ਹਾਂ ਨੂੰ ਪਹਿਲਾਂ ਹੀ ਆਖਿਆ ਹੋਇਐ ਕਿ ਮੈਂ ਭਾਰਤੀ ਦਾ ਨਾਲ ਮੇਲਾ ਵੇਖਣੈ ਤੇ ਉਹ ਮੈਨੂੰ ਚੂੜੀਆਂ ਲੈ ਕੇ ਦੇਣਗੇ।'

'ਨਾ ਭਾਈ ਏਦਾਂ ਮੈਂ ਕੋਈ ਨਹੀਓਂ ਨਾਲ ਖੜਨਾ ਮੇਲੇ ਸ਼ੇਲੇ। ਤੂੰ ਆਪੇ ਹੀ ਆਖਦੀ ਸੈਂ ਕਿ ਤੂੰ ਬੱਚੇ ਚੁਰਾਣ ਵਾਲਾ ਏਂ। ਫਿਰ ਜੇ ਸਾਡੇ ਮੇਲੇ ਜਾਣ ਪਿਛੋਂ ਤੇਰੇ ਪਿਤਾ ਪੁਲਿਸ ਲੈ ਕੇ ਆਣ ਧਮਕੇ ਤਾਂ ਮੇਰਾ ਮੇਲਾ ਤੇ ਠੇਲਾ ਬਣ ਜਾਊ ਨਾ, ਮੈਂ ਕੋਈ ਨਹੀਓਂ ਖੜਨਾ ਅਤੇ ਜਾਂ ਫਿਰ ਉਨ੍ਹਾਂ ਕੋਲੋਂ ਅਖਵਾ ਦੇ ਕਿ ਤੈਨੂੰ ਲਿਜਾ ਕੇ ਮੇਲਾ ਵਿਖਾ ਲਿਆਵਾਂ।'

'ਠੀਕ ਏ ਮੈਂ ਅਖਵਾ ਦਿਆਂਗੀ।'

ਉਸੇ ਦਿਨ ਸ਼ਾਮ ਨੂੰ ਮੇਰੇ ਨਾਂਹ ਨਾਂਹ ਕਰਦਿਆਂ ਹੋਇਆਂ ਵੀ, ਮੀਰਾ ਮੈਨੂੰ ਖਿੱਚ ਕੇ ਆਪਣੀ ਬੈਠਕ ਵਿਚ ਲੈ ਗਈ ਤੇ ਆਪ ਭੱਜ ਕੇ ਦੂਸਰੇ ਕਮਰੇ ਵਿਚ ਜਾ ਵੜੀ। ਬੈਠਕ ਵਿਚ ਜਾਂਦਿਆਂ ਹੀ ਉਸ ਦੀ ਮਾਂ ਨੇ ਕਿਹਾ 'ਮੀਰਾ ਦੇ ਮੂੰਹ ਵਿਚ ਤੇ ਭਾਰਤੀ ਦਾ ਤੋਂ ਬਿਨਾਂ ਕੋਈ ਗੱਲ ਹੀ ਨਹੀਂ। ਰੋਜ਼ ਆਂਹਦੀ ਏ, ਮਾਂ ਭਾਰਤੀ ਦਾ ਨੂੰ ਬੁਲਾ ਕੇ ਇਕ ਦਿਨ ਚਾਹ ਕਿਉਂ ਨਹੀਂ ਪਿਆਉਂਦੀ? ਅੱਜ ਦੁਪਹਿਰ ਤੋਂ ਲਗੀ ਹੋਈ ਏ। ਆਹਦੀ ਸੀ ਭਾਰਤੀ ਦਾ ਖਜੂਰ ਦੇ ਗੁੜ ਦੀ ਖੀਰ ਬੜੀ ਪਸੰਦ ਕਰਦੇ ਨੇ। ਆਪੇ ਹੀ ਸਭ ਬਣਾਇਆ ਸੁ।'

ਮੈਂ ਕਿਹਾ, 'ਤਦ ਹੀ ਮੇਰੀ ਪਸੰਦ ਦੇ ਖਾਣਿਆਂ ਬਾਰੇ ਪੁਛ ਪੁਛ ਕੇ ਮਨ ਹੀ ਮਨ ਗਿਣਤੀਆਂ ਕਰਦੀ ਰਹਿੰਦੀ ਸੀ।'

ਏਨੇ ਨੂੰ ਮੀਰਾ ਨੇ ਇਕ ਥਾਲ ਮੇਰੇ ਅੱਗੇ ਲਿਆ ਰਖਿਆ। ਉਸ ਵਿਚ ਖਜੂਰ ਦੇ ਗੁੜ ਦੀ ਖੀਰ, ਪੂਰੀ ਕਚੌਰੀ, ਦੋ ਤਿੰਨ ਸਬਜ਼ੀਆਂ, ਰੋਟੀ ਤੇ ਹੋਰ ਪਤਾ ਨਹੀਂ ਕੀ ਕੀ ਸੀ। ਮੈਂ ਹੈਰਾਨ ਜਿਹੇ ਨੇ ਪੁਛਿਆ—

'ਇਹ ਸਭ ਤੂੰ ਆਪ ਹੀ ਪਕਾਇਐ ਮੀਰਾ?'

ਮੀਰਾ ਸ਼ਰਮਾ ਗਈ। ਮਾਂ ਨੇ ਕਿਹਾ 'ਅੱਜ ਤੇ ਮੈਨੂੰ ਚੌਂਕੇ ਦੇ ਨੇੜੇ ਈ ਨਹੀਂ ਸੁ ਢੁਕਣ ਦਿੱਤਾ। ਅਖੇ ਭਾਰਤੀ ਦਾ ਦੇ ਸੁਭਾਅ ਦਾ ਤੈਨੂੰ ਨਹੀਂ ਪਤਾ।

ਮੀਰਾ ਬੰਗਾਲੀ ਰਿਵਾਜ ਮੁਤਾਬਕ ਮੱਖੀਆਂ ਝੱਲਣ ਲਈ ਪੱਖਾ ਫੜਕੇ ਬਹਿ ਗਈ ਤੇ ਬੜੇ ਜਤਨ ਨਾਲ ਬਣਾਏ



Sri Satguru Jagjit Singh Ji eLibrary NamdhariElibrary@gmail.com

ਉਸਦੇ ਪਦਾਰਥਾਂ ਨੂੰ ਮੈਂ ਸਵਾਦ ਲਾ ਲਾ ਕੇ ਖਾਧਾ। ਫਿਰ ਉਹ ਜਾ ਕੇ ਝਟਪਟ ਚਾਹ ਬਣਾ ਲਿਆਈ। ਮੀਰਾ ਦੇ ਸਨੇਹ ਜਤਨ ਨਾਲ ਬਣਾਏ ਥਾਲ ਦੇ ਭੋਜ ਨੂੰ ਆਪਣੀ ਲੋੜ ਨਾਲੋਂ ਦੁਗਣਾ ਕੁ ਹੋਣ ਤੇ ਵੀ ਛਕਦਿਆਂ ਮੈਂ ਢਿੱਲ ਨਾ ਲਾਈ। ਤ੍ਰਿਪਤੀ ਹੋਈ ਸਾਡੀ ਦੋਹਾਂ ਦੀ ਹੀ।

ਫਿਰ ਮੀਰਾ ਨੇ ਕਿਹਾ 'ਹੁਣ ਪੁਛ ਲਓ ਮਾਂ ਨੂੰ।' ਗੱਲ ਨੂੰ ਸਮਝ ਨਾ ਸਕਣ ਕਰਕੇ ਸਵਾਲੀਆ ਨਜ਼ਰਾਂ ਨਾਲ ਦੋਹਾਂ ਵਲ ਤੱਕਿਆ। ਮਾਂ ਨੇ ਕਿਹਾ 'ਮੀਰਾ ਆਂਹਦੀ ਏ ਮੈਂ ਭਾਰਤੀ ਦਾ ਨਾਲ ਮੇਲਾ ਵੇਖਾਂਗੀ।'

'ਜੀ ਹਾਂ ਆਂਹਦੀ ਤੇ ਮੈਨੂੰ ਵੀ ਸੀ।'

'ਸਾਨੂੰ ਤੇ ਮੇਲੇ ਦੇ ਪਰਾਹੁਣਿਆਂ ਤੋਂ ਹੀ ਫੁਰਸਤ ਨਹੀਂ ਮਿਲਣੀ, ਤੁਸੀਂ ਹੀ ਲੈ ਜਾਇਓ ਸੁ।'

ਗੱਲ ਪੱਕੀ ਹੋ ਗਈ। ਹੁਣ ਮੀਰਾ ਦਾ ਉਤਸ਼ਾਹ ਆਪੇ ਵਿਚ ਨਹੀਂ ਸੀ ਮਿਉਂਦਾ।

ਮੇਲੇ ਦੀ ਚਹਿਲ ਪਹਿਲ ਸ਼ੁਰੂ ਹੋ ਗਈ। ਦੂਰ ਦੂਰ ਤੋਂ ਪਰਾਹੁਣੇ ਆ ਰਹੇ ਸਨ ਸ਼ਾਂਤੀ ਨਿਕੇਤਨ ਦੇ ਹਰੇਕ ਘਰ ਵਿਚ। ਸਿਰਫ ਮੇਰਾ ਨਿਵਾਸ ਸਥਾਨ ਹੀ ਇਕ ਐਸੀ ਥਾਂ ਸੀ ਜਿਥੇ ਅਜੇ ਤਕ ਬਾਹਰੋਂ ਤਾਂ ਕੋਈ ਆਇਆ ਹੀ ਨਹੀਂ ਸ਼ੀ ਸਗੋਂ ਕੁੰਜ ਬਾਬੂ ਵੀ ਬੰਬਈ ਟੁਰ ਗਏ ਸਨ। ਮੇਲਾ ਤਾਂ ੨੨ ਦਸੰਬਰ ਨੂੰ ਹੀ ਭਰ ਗਿਆ ਸੀ ਪਰ ਅਸਲ ਮੇਲਾ ਅਜੇ ਦੂਸਰੇ ਦਿਨ ਸੀ। ਦੁਕਾਨਾਂ ਚੀਜ਼ਾਂ ਨਾਲ ਤੇ ਮੈਦਾਨ ਲੋਕਾਂ ਨਾਲ ਭਰਿਆ ਹੋਣ ਤੇ ਵੀ ਅਜੇ ਭੀੜ ਓਪਰੀ ਓਪਰੀ ਹੀ ਫਿਰ ਰਹੀ ਸੀ।

ਰਾਤ ਨੂੰ ਬੈਤਾਲਿਕ ਤੋਂ ਮੇਲੇ ਦਾ ਆਰੰਭ ਸੀ। ਅਸੀਂ ਵੀ ਤਿਆਰ ਹੋ ਕੇ ਲਾਇਬਰੇਰੀ ਹਾਲ ਦੇ ਸਾਹਮਣੇ ਜਾ ਪਹੁੰਚੇ। ਠੀਕ ਨੌਂ ਵਜੇ ਬੈਤਾਲਿਕ ਯਾਤਰਾ ਸ਼ੁਰੂ ਹੋਈ। ਸ਼੍ਰੀ ਬੀਰੇਨ ਪਾਲਿਤ ਆਪਣੇ ਸੰਗੀ ਸਾਥੀਆਂ ਨਾਲ ਤਾਨਪੂਰੇ ਅਤੇ ਇਸਰਾਜ ਚੁਕੀ ਅੱਗੇ ਅੱਗੇ ਚਲ ਰਹੇ ਸਨ ਤੇ ਸਾਡਾ ਵਿਸ਼ਾਲ ਦਲ ਪਿਛੇ ਪਿਛੇ। ਬੀਰੇਨ ਬਾਬੂ ਦੀ ਸੰਗੀਤ ਮੰਡਲੀ ਨੇ ਖੰਮਾਂਚ ਦੀਆਂ ਸੁਰਾਂ ਵਿਚ ਕਵੀ ਗੁਰੂ ਦਾ ਗੀਤ ਸ਼ੁਰੂ ਕੀਤਾ:

ਆਜੀ ਜਤੋ ਤਾਰਾ ਤਬੋ ਆਕਾਸ਼ੇ
ਸ਼ੋਬੇ ਮੋਰ ਪ੍ਰਾਣ ਭਰੀ ਪ੍ਰਕਾਸ਼ੇ ॥
ਨਿਖਿਲ ਤੋਮਾਰ ਏਸੇਛੇ ਛੁਟੀਯਾ,
ਮੋਰ ਮਾਝੇ ਆਜੀ ਪੋੜੇਛੇ ਟੁਟੀਯਾ, ਹੇ,
ਤਬੋ ਨਿਕੁੰਜੇਰ ਮੰਜਰੀ ਜਤੋ ਆਮਾਰੀ ਅੰਗੇ ਬਿਕਾਸ਼ੇ ॥
ਦਿਕੇ ਦਿਕੰਤੇ ਜਤੋ ਆਨੰਦ
ਲਭੀਆਛੇ ਐਕ ਗਭੀਰ ਗੰਧ, ਹੇ,
ਅਮਾਰ ਚਿੱਤੇ ਮਿਲੀ ਐਕੋਤੱਰੇ ਤੋਮਾਰ
ਮੰਦਿਰੇ ਉੱਛਾਸ਼ੇ।
ਆਜੀ ਕੋਨੋ ਖਾਨੇ ਆਰੇ ਓ ਨਾ ਜਾਣੀ,
ਸੁਨੀਤੇ ਨਾ ਪਾਈ ਆਜੀ ਕਾਰੋ ਬਾਣੀ, ਹੇ,
ਨਿਖਿਲ ਨਿਸ਼ਵਾਸ਼ ਆਜੀ ਏ ਬੱਖੇ ਬਾਂਸ਼ੋਰੀ ਸੁਰੇ
ਬਿਲਾਸ਼ੇ ॥

ਗੀਤ ਦੀ ਮੱਠੀ ਮੱਠੀ ਲੈਅ ਦੇ ਸਹਾਰੇ ਸਾਰਾ ਬੈਤਾਲਿਕ ਦਲ ਤੁਰਿਆ ਜਾ ਰਿਹਾ ਸੀ। ਸਭ ਗਾ ਰਹੇ ਸਨ। ਜਿਨ੍ਹਾਂ ਨੂੰ ਇਹ ਗੀਤ ਆਉਂਦਾ ਨਹੀਂ ਸੀ, ਉਹ ਵੀ ਮੁੜ ਮੁੜ ਸੁਣਨ ਤੇ ਨਾਲ ਰਲਦੇ ਜਾ ਰਹੇ ਸਨ। ਸ਼ਾਂਤੀ ਨਿਕੇਤਨ ਦੇ ਰਾਤ ਵੇਲੇ ਦੇ ਉਸ ਸ਼ਾਂਤ ਮਾਹੌਲ ਵਿਚ ਸਾਡਾ ਦਲ ਇਸ ਗੀਤ ਦੀਆਂ ਸੁਰਾਂ ਨੂੰ ਦੁਹਰਾਉਂਦਾ ਹੋਇਆ ਕਲਾ ਭਵਨ, ਸੰਗੀਤ ਭਵਨ ਤੇ ਛਾਤਿਮ ਤਲਾ ਵੱਲੋਂ ਹੁੰਦਾ ਹੋਇਆ ਲਾਇਬਰੇਰੀ ਕੋਲ ਆਣ ਖਿੰਡਿਆ।

ਅਗਲੇ ਦਿਨ ਸਵੇਰੇ ਸਾਢੇ ਚਾਰ ਵਜੇ ਹੀ ਫਿਰ ਬੈਤਾਲਿਕ ਸੀ ਤੇ ਸਾਢੇ ਪੰਜ ਵਜੇ ਸ਼ਹਿਨਾਈ। ਮੇਰੀ ਜਾਗ ਤੇ ਸ਼ਹਿਨਾਈ ਰਾਹੀਂ ਗੂੰਜਦੀ ਭੈਰਵੀ ਦੀ ਸੁਰ ਨੇ ਹੀ ਖੋਲ੍ਹੀ। ਸ਼ਹਿਨਾਈ ਦੀ ਉਸ ਗੂੰਜ ਨਾਲ ਸਾਰਾ ਵਾਤਾਰਤਣ ਭਰਿਆ ਸੀ। ਏਨੀ ਭਰਪੂਰ ਗੂੰਜ ਸੀ, ਪਰ ਫਿਰ ਵੀ ਰੌਲਾ ਰੱਤੀ ਨਹੀਂ। ਉਸ ਵੇਲੇ ਜੀਅ ਕਰਦਾ ਸੀ ਕਿ ਸ਼ਹਿਨਾਈ ਬਣਾਨ ਵਾਲੇ ਤੇ ਵਜਾਣ ਵਾਲੇ ਨੂੰ ਦਾਦ ਦਿਆਂ, ਜਿਸ ਨੇ ਉਸ ਪ੍ਰਭਾਤ ਵੇਲੇ ਮੇਰੇ ਆਲੇ-ਦੁਆਲੇ ਨੂੰ ਮਧੁਰਿਮਾ ਨਾਲ ਗੁੰਜਾਇਆ ਹੋਇਆ ਸੀ।

ਇਕ ਘੰਟੇ ਦੇ ਸ਼ਹਿਨਾਈ ਵਾਦਨ ਤੋਂ ਝਟ ਬਾਅਦ ਹੀ ਵਿਸ਼ਵਾਸ਼ ਬਾਬੂ ਦੇ ਘਰ 'ਚੋਂ ਇਕ ਮਧੁਰ ਧੁਨੀ ਗੂੰਜੀ। ਇਹ ਮੀਰਾ ਦੀ ਆਵਾਜ਼ ਸੀ। ਮੀਰਾ ਨੇ ਜਦੋਂ ਵੀ ਕਦੇ ਮੇਰਾ ਧਿਆਨ ਖਿੱਚਣਾ ਹੁੰਦਾ ਉਹ ਆਪਣੇ ਪਿਛਲੇ ਕਮਰੇ ਦੀ ਬਾਹਰਲੀ ਬਾਰੀ ਪਿੱਛੇ ਖਲੋ ਕੇ ਗਾਉਂਦੀ—'ਚੋਖੇਰ ਆਲੋਏ ਦੇਖੇ ਛਿਲੇਮ ਚੋਖੇਰ ਬਾਹੀਰੇ।' ਗੁਰੂਦੇਵ ਦਾ ਇਹ ਗੀਤ ਮੀਰਾ ਦੀ ਸੁਰ ਵਿਚੋਂ ਇੰਜ ਮਧੂਮਯ ਹੋ ਕੇ ਨਿਕਲਦਾ ਕਿ ਮੈਨੂੰ ਬਾਰ ਬਾਰ ਇਸ ਲਈ ਫਰਮਾਇਸ਼ ਕਰਨੀ ਪੈਂਦੀ। ਹੁੰਦਿਆਂ ਹੁੰਦਿਆਂ ਇਹ ਗੀਤ ਸਾਡਾ ਦੋਹਾਂ ਦਾ ਦੂਤ ਬਣ ਗਿਆ। ਮੈਂ ਕਿਧਰੇ ਵੇਹਲਾ ਹੋਵਾਂ ਅਤੇ ਇਕੱਲੇ ਦਾ ਜੀਅ ਨਾ ਲਗਦਾ ਹੋਵੇ ਤਾਂ ਆਪਣੇ ਕਮਰੇ ਦੀ ਬਾਰੀ ਕੋਲ ਖਲੋ ਕੇ ਇਸ ਦੀ ਇਕ ਕਲੀ ਛੋੜਦਾ। ਮੀਰਾ ਮੇਰੀ ਸੱਦ ਸਮਝ



Sri Satguru Jagjit Singh Ji eLibrary NamdhariElibrary@gmail.com

ਜਾਂਦੀ ਤੇ ਕੁਝ ਮਿੰਟਾਂ ਵਿਚ ਹੀ ਮੇਰੇ ਕੋਲ ਆ ਜਾਂਦੀ। ਜੇ ਕਦੀ ਉਸ ਦਾ ਜੀਅ ਟੌਫੀ ਖਾਣ ਲਈ ਬਹੁਤ ਹੀ ਉਤਾਵਲਾ ਹੋ ਜਾਂਦਾ ਤਾਂ ਆਪਣੇ ਘਰ ਦੀ ਬਾਰੀ ਵਿਚੋਂ ਹੀ ਇਸ ਗੀਤ ਦੀ ਵੱਢੀ ਚੜ੍ਹਾਕੇ ਮੈਨੂੰ ਟੌਫੀਆਂ ਤਿਆਰ ਰਖਣ ਲਈ ਆਖ ਦੇਂਦੀ।

ਪਰ ਅੱਜ ਦੇ ਗੀਤ ਦਾ ਅੰਦਾਜ਼ ਕੁਝ ਵੱਖਰਾ ਸੀ। ਅੱਜ ਗੱਲ ਟੌਫੀ ਉਤੇ ਹੀ ਨਹੀਂ ਸੀ ਮੁਕ ਜਾਣੀ, ਸੋ ਮੀਰਾ ਪੂਰੇ ਮਨ ਨਾਲ ਤੇ ਬਾਰ ਬਾਰ ਇਸ ਗੀਤ ਨੂੰ ਦੁਹਰਾ ਰਹੀ ਸ਼ੀ। ਥੋੜ੍ਹੇ ਚਿਰ ਬਾਅਦ ਆ ਪਹੁੰਚੀ। ਕਿਹਾ, ਚਲੋ ਭਾਰਤੀ ਦਾ ਮੇਲੇ ਚਲੋ।'

ਮੇਰਾ ਮੇਲਾ ਬਣ ਗਿਆ। ਮੀਰਾ ਇਕ ਇਕ ਹੱਟੀ ਤੇ ਖਲੋਂਦੀ, ਚੀਜ਼ਾਂ ਵੇਖਦੀ, ਭਾਅ ਪੁੱਛਦੀ ਨੱਕ ਚੜ੍ਹਾਉਂਦੀ ਤੇ ਮੇਰਾ ਹੱਥ ਖਿੱਚਦੀ ਹੋਈ ਤੁਰ ਪੈਂਦੀ। ਅਸਲ ਵਿਚ ਉਸ ਦਾ ਹਰ ਚੀਜ਼ ਹੀ ਖਰੀਦ ਲੈਣ ਨੂੰ ਜੀਅ ਕਰਦਾ ਸੀ ਅਤੇ ਇਕ ਦੋ ਵਾਰੀ ਉਸ ਨੇ ਇਸ ਸਿਲਸਲੇ ਵਿਚ ਆਪਣੇ ਭਾਰਤੀ ਦਾ ਦਾ ਜੀਅ ਟੋਹ ਕੇ ਇਹ ਸਿੱਟਾ ਕੱਢ ਲਿਆ ਸੀ ਸੀ ਕਿ ਜੇ ਇਹ ਸਾਰੀਆਂ ਚੀਜ਼ਾਂ ਖਰੀਦਣ ਦੇ ਗੇੜ ਵਿਚ ਵਿਚ ਪੈ ਗਏ ਤਾਂ ਚੂੜੀਆਂ ਤੋਂ ਹੱਥ ਖਾਲੀ ਹੀ ਰਹਿ ਜਾਣਗੇ। ਇਸੇ ਲਈ ਚੀਜ਼ ਦੇਖਦੀ ਤੇ ਨੱਕ ਚੜ੍ਹਾ ਅਗਾਂਹ ਤੁਰ ਪੈਂਦੀ। ਮੈਂ ਖੁਸ਼ ਸਾਂ, ਪਰ ਇਹ ਨੱਕ-ਵੱਟ ਜਦੋਂ ਚੂੜੀਆਂ ਦੀਆਂ ਦੁਕਾਨਾਂ ਉਤੇ ਜਾ ਕੇ ਵੀ ਹਟਿਆ ਨਾ, ਤਾਂ ਖੁਸ਼ੀ ਦੀ ਥਾਂ ਫ਼ਿਕਰ ਨੇ ਲੈ ਲਈ। ਸੈਂਕੜੇ ਦੁਕਾਨਾਂ ਚੂੜੀਆਂ ਦੀਆਂ ਅਸਾਂ ਗਾਹ ਮਾਰੀਆਂ, ਪਰ ਮੀਰਾ ਨੂੰ ਚੂੜੀਆਂ ਪਸੰਦ ਨਹੀਂ ਸਨ ਆ ਰਹੀਆਂ। ਅੰਤ ਦੋ ਤਿੰਨ ਵਾਰੀ ਸਾਰਾ ਬਾਜ਼ਾਰ ਘੁੰਮਣ ਤੇ ਥੱਬਾ ਕੁ ਸਾਰੀਆਂ ਵਧੀਆ ਚੂੜੀਆਂ ਦੀ ਚੋਣ ਕਰਕੇ ਮੀਰਾ ਨੇ ਮੇਰੇ ਬਟੂਏ ਨੂੰ ਹੱਥ ਪਵਾਇਆ। ਚੂੜੀਆਂ ਤੋਂ ਬਾਅਦ ਗੁੱਡੀਆਂ ਅਤੇ ਗੁੱਡੀਆਂ-ਬਾਵਿਆਂ ਤੋਂ ਬਾਅਦ ਕਾਂਟੇ, ਕਾਂਟਿਆਂ ਤੋਂ ਬਾਅਦ ਗਲ ਲਈ ਹਾਰ ਅਤੇ ਹਾਰ ਤੋਂ ਬਾਅਦ...ਜਾਣੇ ਕੀ ਕੀ...। ਮੀਰਾ ਅੱਜ ਮੇਲੇ ਆਈ ਸੀ ਆਪਣੇ ਭਾਰਤੀ ਦਾ ਦੇ ਨਾਲ। ਫਿਰ ਉਹ ਆਪਣੇ ਜੀਅ ਨੂੰ ਤਰਸਾਉਂਦੀ ਕਿਉਂ ? ਹਰ ਚੀਜ਼ ਖਰੀਦਣ ਲੱਗੀ ਮੀਰਾ ਆਖਦੀ, 'ਭਾਰਤੀ ਦਾ, ਇਹ ਮੈਂ ਤੁਹਾਡੀ ਨਿਸ਼ਾਨੀ ਵਜੋਂ ਸਾਂਭ ਕੇ ਰਖਾਂਗੀ, ਏਸ ਚੀਜ਼ ਨੂੰ ਜਦੋਂ ਮੈਂ ਵੇਖਿਆ ਕਰਾਂਗੀ ਤਾਂ ਤੁਸੀਂ ਮੈਨੂੰ ਉਸੇ ਵੇਲੇ ਯਾਦ ਆਇਆ ਕਰੋਗੇ।'

ਘਰ ਜਾਂਦੇ ਤੇ ਮੁੜ ਮੇਲੇ ਵਿਚ ਆ ਜਾਂਦੇ। ਇਹ ਮੇਲਾ ਸਾਡੇ ਪੰਜਾਬ ਦੇ ਆਮ ਮੇਲਿਆਂ ਨਾਲੋਂ ਕੁਝ ਵੱਖਰੀ ਕਿਸਮ ਦਾ ਸੀ। ਜਿੰਨਾ ਰੌਲਾ ਗੌਲਾ ਹੱਟੀਆਂ ਬਜ਼ਾਰ ਤੇ ਰੰਗ-ਤਮਾਸ਼ੇ ਸਾਡੇ ਮੇਲਿਆਂ ਵਿਚ ਹੁੰਦੇ ਹਨ, ਉਹ ਸਭ ਤਾਂ ਹੈ ਹੀ ਸੀ, ਪਰ ਕਈ ਗੱਲਾਂ ਵਿਚ ਇਹ ਉਸ ਨਾਲੋਂ ਬਿਲਕੁਲ ਹੀ ਵਖਰਾ ਤੇ ਨਿਰਾਲੀਆਂ ਮਹਾਨਤਾਵਾਂ ਵਾਲਾ ਸੀ। ਮੂਲ ਰੂਪ ਵਿਚ ਇਹ ਮੇਲਾ ਬੰਗਾਲ ਦੇ ਸਭਿਆਚਾਰ ਦੀ ਇਕ ਭਰਵੀਂ ਝਾਕੀ ਹੁੰਦਾ ਹੈ। ਮੈਂ ਵੇਖਿਆ, ਬ੍ਰਮ੍ਹ ਮੰਦਰ ਦੇ ਨਾਲ ਹੀ ਬੋਹੜ ਥੱਲੇ ਬੰਗਾਲ ਦੇ ਵਖ ਵਖ ਹਿਸਿਆਂ ਤੋਂ ਆਏ ਬਾਊਲ ਸਾਧੂਆਂ ਦਾ ਡੇਰਾ ਹੈ। ਬਾਊਲ ਸੰਪਰਦਾ ਬੰਗਾਲੀ ਸਮਾਜ ਵਿਚ ਇਕ ਐਸੀ ਸਾਧੂ ਕੜੀ ਹੈ ਜਿਹੜੀ ਹਿੰਦੂਆਂ ਅਤੇ ਮੁਸਲਮਾਨਾਂ ਦੀ ਸਾਂਝੀ ਹੈ। ਵੇਖਣ ਵਿਚ ਇਹ ਬਾਵਲੇ ਜਿਹੇ ਹਨ, ਲੰਮੀਆਂ ਦਾੜ੍ਹੀਆਂ ਤੇ ਖੁਲ੍ਹੇ ਵਾਲ ਜਾਂ ਗੋਲ ਪਗੜੀ। ਇਕ ਹੱਥ ਵਿਚ ਇਕਤਾਰਾ ਤੇ ਲੱਕ ਨਾਲ ਬੱਧੀ ਡੁਗੀ ਜਿਹੀ ਨੂੰ ਵਜਾਂਦੇ ਗਿਟਿਆਂ ਤਕ ਲੰਮੇ ਚੋਲੇ ਪਾਈ ਇਹ ਸਾਧੂ ਗਾਉਂਦੇ ਹਨ ਤੇ ਨੱਚਦੇ ਹਨ। ਇਹਨਾਂ ਨੂੰ ਵੇਖ ਕੇ ਆਪਣੇ ਪੰਜਾਬ ਦੇ ਨਾਮਧਾਰੀ ਮਸਤਾਨਿਆਂ ਦੀ ਤਸਵੀਰ ਅੱਖਾਂ ਸਾਹਮਣੇ ਨੱਚ ਉਠਦੀ ਸੀ। ਕਈਵਾਰੀ ਤਾਂ ਇਹਨਾਂ ਵਿਚ ਤੇ ਨਾਮਧਾਰੀ ਮਸਤਾਨਿਆਂ ਵਿਚ ਫਰਕ ਕਰਨਾ ਔਖਾ ਹੋ ਜਾਂਦਾ, ਪਰ ਇਕ ਫਰਕ ਇਹਨਾਂ ਦਾ ਬਹੁਤ ਵੱਡਾ ਹੈ। ਬਾਊਲ ਸਾਧੂ ਗਾਂਜਾ ਪੀਂਦੇ ਹਨ ਹਰ ਵੇਲੇ। ਗਾਂਜੇ ਦੇ ਸੂਟੇ ਤੋਂ ਬਗ਼ੈਰ ਉਹਨਾਂ ਦਾ ਅਮਲ ਨਹੀਂ ਖਿੜਦਾ ਅਤੇ ਅਮਲ ਖਿੜਨ ਤੋਂ ਬਿਨਾਂ ਬਾਊਲ ਨੂੰ ਬਾਊਲ ਦੇ ਰੂਪ ਵਿਚ ਵੇਖਣਾ ਔਖਾ ਹੁੰਦਾ ਹੈ। ਇਹਨਾਂ ਬਾਰੇ ਆਮ ਧਾਰਨਾ ਇਹ ਹੈ ਕਿ 'ਸਰੀਰ' ਨੂੰ ਸੁਖ ਪੁਚਾਣਾ ਹੀ ਇਹਨਾਂ ਦੀ ਮੂਲ ਅਰਾਧਨਾ ਹੈ।

ਇਹ ਮਹਿਫ਼ਲ ਲਗਦੀ ਹੈ, ਜਿਸਨੂੰ 'ਕਵੀ ਗਾਣ' ਆਖਿਆ ਜਾਂਦਾ ਹੈ। ਇਕ ਕਵੀ ਆਪਣੀ ਕਵਿਤਾ ਰਾਹੀਂ ਰਾਹੀਂ ਜਾਂ ਕਿਸੇ ਹੋਰ ਪੁਰਾਣੇ ਪ੍ਰਸਿਧ ਕਵੀ ਦੀ ਕਵਿਤਾ ਰਾਹੀਂ ਧਰਮ ਤੱਤ ਬਾਰੇ, ਸਰੀਰ ਤੱਤ ਬਾਰੇ ਘੰਟਿਆਂ ਬੱਧੀ ਵਿਆਖਿਆ ਕਰਦਾ ਰਹਿੰਦਾ ਹੈ ਤੇ ਫਿਰ ਦੂਸਰਾ ਕਵੀ ਉਸੇ ਤਰ੍ਹਾਂ ਉਹਦਾ ਜਵਾਬ ਦੇਂਦਾ ਹੈ।

ਇਸੇ ਤਰ੍ਹਾਂ 'ਜਾਤਰਾਂ' (ਇਕ ਤਰ੍ਹਾਂ ਦਾ ਖੁਲ੍ਹਾ ਨਾਟਕ) ਤੇ ਕੀਰਤਨ ਦਾ ਰਸ ਵੀ ਉਸੇ ਮੇਲੇ ਵਿਚ ਹੀ ਮਾਣਿਆ ਜਾ ਸਕਦਾ ਹੈ।

ਦੂਸਰੇ ਦਿਨ ਵਿਸ਼ਵ ਭਾਰਤੀ ਦੇ ਵਿਦਿਆਰਥੀਆਂ ਨੂੰ, ਆਮ ਕੁੰਜ ਵਿਚ ਯੂਨੀਵਰਸਿਟੀ ਦੇ ਚਾਂਸਲਰ ਪੰਡਿਤ ਨਹਿਰੂ ਵਲੋਂ ਡਿਗਰੀਆਂ ਤੇ ਛਾਤਿਮ ਤਲਾ ਵਾਲੇ ਸਪਤਪਰਨੀ ਦੇ ਪੱਤਿਆਂ ਦਾ ਪ੍ਰਸਾਦ ਦਿਤਾ ਤੇ ਫਿਰ ਹੌਲੀ ਹੌਲੀ ਮੇਲਾ ਖਿੰਡ ਗਿਆ, ਪਰ ਉਸ ਸ਼ਹਿਨਾਈ ਦੀ ਸੁਰ ਅੱਜ ਵੀ ਕੰਨਾਂ ਵਿਚ ਗੂੰਜ ਰਹੀ ਹੈ। )—(



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਅਮਾਨਤ

—ਸੰਤ ਸਿੰਘ ਸੇਖੋਂ

ਭੁਲੇਰ ਪਿੰਡ ਵਿਚ ਮੱਖਣ ਸਿੰਘ ਦੇ ਘਰ ਨੂੰ ਸਿਖਾਂ ਦਾ ਘਰ ਕਹਿੰਦੇ ਸਨ । ਦੋ ਮੁੰਡਿਆਂ ਵਿਚੋਂ ਕੇਵਲ ਇਕੋ ਵੀਹ ਵਰ੍ਹੇ ਦੀ ਆਯੂ ਲੰਘਿਆ ਸੀ, ਦੂਜਾ ਬਾਰਾਂ ਕੁ ਸਾਲ ਦਾ ਕਿਸ਼ੋਰ ਸੀ। ਉਹ ਸਕੂਲ ਵਿਚ ਪੜ੍ਹਦਾ ਸੀ, ਵੀਹ ਵਰ੍ਹੇ ਦਾ ਬਲਿਹਾਰ ਸਿੰਘ ਅੱਠ ਜਮਾਤਾਂ ਪੜ੍ਹ ਕੇ ਪਿਉ ਨਾਲ ਖੇਤੀ ਕਰਨ ਲਗ ਗਿਆ ਸੀ । ਜਿਸ ਰਾਹ ਉਹ ਆਪਣੇ ਖੇਤ ਨੂੰ ਜਾਂਦਾ ਸੀ ਉਸ ਉਤੇ ਇਕ ਮੁਸਲਮਾਨ ਤੇਲੀਆਂ ਦਾ ਘਰ ਸੀ ਜਿਨ੍ਹਾਂ ਦੀ ਕੁੜੀ ਬਸ਼ੀਰਾਂ ਉਸ ਨੂੰ ਬਹੁਤ ਵਾਰ ਘਰ ਦੇ ਦਰਵਾਜ਼ੇ ਉਤੇ ਖੜ੍ਹੀ ਦੇਖਦੀ ਹੁੰਦੀ ਸੀ ਜਾਂ ਉਸ ਦੇ ਪਾਸੋਂ ਸੰਗ ਕੇ ਰੱਤੀ ਸੂਹੀ ਹੋਈ ਲੰਘ ਜਾਂਦੀ ਸੀ । ਕੱਤੇ ਦੇ ਮਹੀਨੇ ਇਕ ਦਿਨ ਬਸ਼ੀਰਾਂ ਦੀ ਮਾਂ ਵੀ ਗਲੀ ਵਿਚ ਖੜ੍ਹੀ ਸੀ ਜਦੋਂ ਬਲਿਹਾਰ ਆਪਣੇ ਖੇਤ ਨੂੰ ਜਾ ਰਿਹਾ ਸੀ ।

"ਬਲਿਹਾਰ ਸਿਆਂਹ, ਤੁਹਾਡੇ ਖੇਤ ਵਿਚ ਸਰ੍ਹੋਂ ਦੀਆਂ ਗੰਦਲਾਂ ਹਨ । ਜੇ ਕਹੇ ਤਾਂ ਅੱਜ ਭਲਕ ਸਾਗ ਈ ਤੋੜ ਲਿਆਵਾਂ ।"

"ਜੇ ਕਹੇ ਤਾਂ, ਚਾਚੀ, ਮੈਂ ਆਪ ਈ ਮੁੜਦਾ ਹੋਇਆ ਸਾਗ ਦੀ ਚੀਰਨੀ ਤੋੜ ਲਿਆਊ", ਬਲਿਹਾਰ ਨੇ ਕਹਿ ਦਿਤਾ, ਇਸ ਲਈ ਵੀ ਕਿ ਬਸ਼ੀਰਾਂ ਵੀ ਉਥੇ ਹੀ ਦਰਵਾਜ਼ੇ ਵਿਚ ਖੜ੍ਹੀ ਸੀ ।

ਬਸ਼ੀਰਾਂ ਤੇ ਉਸ ਦੀ ਮਾਂ ਅੱਗੋਂ ਕੁਝ ਨਾ ਬੋਲੀਆਂ । ਪਰ ਘੰਟੇ ਕੁ ਪਿਛੋਂ ਖੇਤੋਂ ਮੁੜਦਾ ਹੋਇਆ ਬਲਿਹਾਰ ਚਾਰ ਚੀਰਨੀਆਂ, ਦੋ ਡੰਗਾਂ ਦਾ ਸਾਗ, ਤੋੜ ਕੇ ਲੈ ਆਇਆ ।

"ਚਾਚੀ, ਲੈ ਮੈਂ ਸਾਗ ਲੈ ਆਇਐ, ਫੜ ਲੈ ।"

ਚਾਚੀ ਤਾਂ ਪਤਾ ਨਹੀਂ ਕਿਸੇ ਕੰਮ ਲਗੀ ਹੋਈ ਸੀ । ਬਸ਼ੀਰਾਂ ਨੇ ਦਰਵਾਜ਼ੇ ਵਿਚ ਆ ਕੇ ਸਾਗ ਪਕੜ ਲਿਆ ਤੇ ਮੂੰਹ ਉਤੇ ਸੰਗ ਦੀ ਲਾਲੀ ਤੇ ਕਈ ਹੋਰ ਰੰਗ ਇਕ ਦੂਜੇ ਪਿਛੋਂ ਲੈ ਆਂਦੇ ।

ਇਸ ਪਰਿਚੇ ਪਿਛੋਂ ਬਸ਼ੀਰਾਂ ਕਦੀ ਆਪਣੀ ਮਾਂ ਨਾਲ ਤੇ ਕਦੀ ਇਕੱਲੀ ਬਲਿਹਾਰ ਦੇ ਖੇਤ ਵਿਚੋਂ ਸਾਗ ਲੈ ਆਉਂਦੀ । ਜਦੋਂ ਮਾਵਾਂ ਧੀਆਂ ਦੋਵੇਂ ਇਕੱਠੀਆਂ ਜਾਂਦੀਆਂ ਤਾ ਬਲਿਹਾਰ ਦੇ ਖੇਤ ਵਿਚੋਂ ਘਾਹ ਦੀ ਖੋਤ ਲੈ ਆਉਂਦੀਆਂ । ਬਲਿਹਾਰ ਇਤਨਾ ਸਾਊ ਸੀ ਕਿ ਬਹੁਤ ਤੀਵੀਆਂ ਉਸ ਨੂੰ ਧੀਆਂ ਵਰਗਾ ਪੁੱਤ ਕਹਿੰਦੀਆਂ ਸਨ । ਉਸ ਦਾ ਪਿਤਾ ਮੱਖਣ ਸਿੰਘ ਵੀ ਆਪਣੇ ਭਲਮਣਸਊ ਕਰਕੇ ਪ੍ਰਸਿਧ ਸੀ । ਉਹ ਚਿੱਟੀ ਪੱਗ, ਚਿੱਟਾ ਕੁੜਤਾ ਤੇ ਕੱਛ ਪਹਿਨਦਾ ਸੀ ਤੇ ਆਪਣੀ ਕਾਲੀ ਦਾਹੜੀ ਨੂੰ ਬੰਨ੍ਹਦਾ ਨਹੀਂ ਸੀ। ਸੰਗਰਾਂਦ ਨੂੰ ਜਾਂ ਦਿਨ ਦਿਹਾਰ ਉਹ ਗੁਰਦਵਾਰੇ ਵਿਚ ਪਾਠ ਕਰਨ ਤੇ ਕੀਰਤਨ ਵਿਚ ਮੋਹਰੀ ਹੁੰਦੀ ਸੀ । ਇਸੇ ਲਈ ਉਸ ਦੇ ਘਰ ਨੂੰ ਸਿਖਾਂ ਦਾ ਘਰ ਕਿਹਾ ਜਾਂਦਾ ਸੀ । ਮੱਖਣ ਸਿੰਘ ਦੇ ਘਰ ਵਾਲੀ ਪ੍ਰਤਾਪ ਕੌਰ ਵੀ ਧਰਮ ਕਰਮ ਵਿਚ ਸਿੱਖੀ ਮਰਯਾਦਾ ਦਾ ਚੋਖਾ ਪ੍ਰਭਾਵ ਦਰਸਾਂਦੀ ਸੀ ।

ਉਨ੍ਹਾਂ ਦੀ ਭੋਇੰ ਪੰਜੀ ਕੁ ਏਕੜ ਸੀ ਤੇ ਸੰਗਰੂਰ ਦੇ ਜ਼ਿਲ੍ਹੇ ਵਿਚ ਇਹ ਕੋਈ ਬਹੁਤੀ ਭੋਇੰ ਨਹੀਂ ਸਮਝੀ ਜਾਂਦੀ ਸੀ । ਪਰ ਬਲਿਹਾਰ ਸਿੰਘ ਨੂੰ ਹੁਣ ਤਕ ਕੋਈ ਸਾਕ ਨਾ ਆਉਣ ਦਾ ਕਾਰਣ ਇਹ ਨਹੀਂ ਸੀ ਕਿ ਉਸ ਦੇ ਹਿੱਸੇ ਥੋੜੀ ਭੋਇ ਆਉਂਦੀ ਸੀ, ਵੱਡਾ ਕਾਰਣ ਇਹ ਸੀ ਕਿ ਬਲਿਹਾਰ ਦੇ ਮਾਤਾ ਪਿਤਾ ਨੂੰ ਇਸ ਪਾਸੇ ਦਾ ਬਹੁਤ ਧਿਆਨ ਨਹੀਂ ਸੀ । ਤੀਵੀਂ ਪੁਰਸ਼ ਨੂੰ ਤੇ ਮੁੰਡਿਆਂ ਨੂੰ ਵੀ ਗੁਰਦਵਾਰੇ ਜਾਣ ਦਾ ਬਹੁਤ ਸ਼ੌਕ ਸੀ । ਉਸ ਘਰ ਦੇ ਸਾਊਪੁਣੇ ਦਾ ਪ੍ਰਭਾਵ ਇਤਨਾ ਵਿਆਪਕ ਸੀ ਕਿ ਬਸ਼ੀਰਾਂ ਦੀ ਮਾਂ ਨੂੰ ਇਸ ਗੱਲ ਤੋਂ ਕਦੇ ਕੋਈ ਵਿਚਾਰ ਨਹੀਂ ਉਪਜੀ ਸੀ ਕਿ ਬਲਿਹਾਰ ਉਨ੍ਹਾਂ ਘਰ ਸਾਗ ਮੂਲੀਆਂ ਕਈ ਵਾਰੀ ਆਪ ਦੇ ਜਾਂਦਾ ਸੀ ਤੇ ਕਦੀ ਵਾਰੀ ਬਸ਼ੀਰਾਂ ਇਕੱਲੀ ਜਾ ਕੇ ਲੈ ਆਉਂਦੀ ਸੀ ।

ਪਰ ਸਿਆਣਿਆਂ ਨੇ ਐਵੇਂ ਨਹੀਂ ਕਿਹਾ ਕਿ ਅੱਗ ਦੇ ਸੇਕ ਨਾਲ ਮੱਖਣ ਅਵਸ਼ ਪੰਘਰ ਜਾਂਦਾ ਹੈ । ਜਦੋਂ ਕਦੀ ਉਸ ਨੂੰ ਬਸ਼ੀਰਾਂ ਖੇਤ ਵਿਚ ਸਾਗ ਤੋੜਦੀ ਇਕੱਲੀ ਮਿਲ ਜਾਂਦੀ ਤਾਂ ਉਹ ਇਕ ਦੋ ਵਾਰੀ ਜ਼ਰੂਰ ਸਰ੍ਹੋਂ ਦੇ ਖੇਤ ਵਲ ਮੁੜ ਪੈਂਦਾ । ਪਰ ਨਾ ਕਦੀ ਉਸ ਨੇ ਬਸ਼ੀਰਾਂ ਨੂੰ ਬੁਲਾਇਆ ਸੀ ਤੇ ਨਾ ਬਸ਼ੀਰਾਂ ਨੇ ਉਸ ਨੂੰ । ਭਾਵੇਂ ਉਸ ਦਾ ਮਨ ਸ਼ਾਹਦੀ ਦਿੰਦਾ ਸੀ ਕਿ ਬਸ਼ੀਰਾਂ ਦੇ ਮਨ ਵਿਚ ਉਸ ਲਈ ਪ੍ਰੇਮ ਹੈ । ਇਕ ਦਿਨ ਜਦੋਂ ਕੱਸੀ ਉਤੇ ਪਾਣੀ ਦਾ ਘੜਾ ਭਰ ਕੇ ਬਸ਼ੀਰਾਂ ਕਿਸੇ ਚੁਕਾਣ ਵਾਲੇ ਦੀ ਉਡੀਕ ਕਰਦੀ ਸੀ ਤਾਂ ਜਿਵੇਂ ਦੇਵ ਨੇਤ ਹੀ ਬਲਿਹਾਰ ਉਥੋਂ ਲੰਘਿਆ ।

"ਬਲਿਹਾਰ, ਮੈਨੂੰ ਘੜਾ ਤਾਂ ਚੁਕਾ ਜਾਵੀਂ", ਬਸ਼ੀਰਾਂ ਨੇ ਉਸ ਨੂੰ ਆਵਾਜ਼ ਮਾਰ ਦਿਤੀ ।

ਬਲਿਹਾਰ ਨੇ ਬਸ਼ੀਰਾਂ ਨੂੰ ਘੜਾ ਤਾਂ ਚੁਕਾ ਦਿਤਾ,



Sri Satguru Jagjit Singh Ji eLibrary NamdhariElibrary@gmail.com

ਪਰ ਉਹ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ ਜਿਵੇਂ ਅੱਧਾ ਘੜਾ ਉਸ ਉਤੇ ਡੁਲ੍ਹ ਗਿਆ ਹੋਵੇ। ਸ਼ਾਇਦ ਬਸ਼ੀਰਾਂ ਨੇ ਜਾਣ ਬੁਝ ਕੇ ਛਲਕਾ ਕੇ ਹੀ ਉਸ ਉਤੇ ਪਾਣੀ ਡੋਲ੍ਹ ਦਿਤਾ ਸੀ। ਪਰ ਇਸ ਤੋਂ ਬਲਿਹਾਰ ਦਾ ਅਨੁਮਾਨ ਕੋਈ ਵਧੇਰੇ ਪੱਕਾ ਨਾ ਹੋਇਆ।

ਇਕ ਦਿਨ ਬਸ਼ੀਰਾਂ ਆਪਣੀ ਵੀਹੀ ਦੀ ਇਕ ਕੁੜੀ ਨੂੰ ਨਾਲ ਲੈ ਕੇ ਬਲਿਹਾਰ ਦੇ ਖੇਤ ਵਿਚ ਸਾਗ ਤੋੜਣ ਚਲੀ ਗਈ ਜਦੋਂ ਦੋਵੇਂ ਜਣੀਆਂ ਸਾਗ ਤੋੜ ਹਟੀਆਂ ਤਾਂ ਬਲਿਹਾਰ ਨੇ ਇਕ ਬੋਲੀ, ਜਿਵੇਂ ਉਨ੍ਹਾਂ ਨੂੰ ਸੁਣਾ ਕੇ ਪਾਈ।

"ਉਹ ਤਾਂ ਯਾਰੀ ਨਹੀਉਂ ਟੁਟਦੀ, ਜਿਹੜੀ ਲਗ ਗਈ ਕੰਵਾਰਿਆਂ ਦੀ।"

ਤੀਜੇ ਕੁ ਦਿਨ ਪਿੰਡ ਤੋਂ ਬਾਹਰ ਬਲਿਹਾਰ ਨੂੰ ਬਸ਼ੀਰਾਂ ਤੇ ਉਹ ਦੂਜੀ ਕੁੜੀ ਫਿਰ ਬਾਹਰੋਂ ਆਉਂਦੀਆਂ ਮਿਲ ਗਈਆਂ, ਸਾਗ ਤੋੜ ਕੇ ਲਿਆਈਆਂ ਸਨ। ਪਤਾ ਨਹੀਂ ਬਲਿਹਾਰ ਦੇ ਖੇਤ ਵਿਚੋਂ ਜਾਂ ਕਿਸੇ ਹੋਰ ਦੇ ਖੇਤ ਵਿਚੋਂ।

"ਤੂੰ ਸਾਨੂੰ ਦੇਖ ਕੇ ਓਦਿਹੰ ਕੀ ਬੋਲੀ ਪਾਈ ਸੀ?" ਉਸ ਦੂਜੀ ਕੁੜੀ ਨੇ ਸ਼ੋਖੀ ਨਾਲ ਪੁਛਿਆ, "ਹੁਣ ਨਹੀਂ ਬਸ਼ੀਰਾਂ ਨੇ ਥੋਡੇ ਖੇਤ ਵਿਚ ਸਾਗ ਤੋੜਨ ਆਇਆ ਕਰਨਾ। ਅੱਜ ਵੀ ਅਸੀਂ ਸਾਗ ਨਰੈਣ ਸਿੰਘ ਕਿਉਂ ਲਿਆਈਆਂ।"

ਬਲਿਹਾਰ ਸਿੰਘ ਅੱਗੋਂ ਕੁਝ ਨਾ ਬੋਲਿਆ, ਪਰ ਉਸ ਨੂੰ ਇਹ ਗੱਲ ਰੜਕਣ ਲਗ ਗਈ ਤੇ ਕਈ ਦਿਨ ਰੜਕਦੀ ਰਹੀ, ਜਦੋਂ ਨਾ ਬਸ਼ੀਰਾਂ ਇਕੱਲੀ ਤੇ ਨਾ ਆਪਣੀ ਮਾਂ ਨਾਲ ਘਾਹ ਖੋਤਣ ਜਾਂ ਸਾਗ ਲੈਣ ਉਨ੍ਹਾਂ ਦੇ ਖੇਤ ਆਈ।

ਪਰ ਫੇਰ ਇਕ ਦਿਨ ਉਸ ਨੂੰ ਬਸ਼ੀਰਾਂ ਆਪਣੇ ਖੇਤ ਵਿਚੋਂ ਸਾਗ ਤੋੜ ਕੇ ਲਿਆਉਂਦੀ ਮਿਲ ਗਈ ਤੇ ਉਸ ਨੇ ਬਸ਼ੀਰਾਂ ਨੂੰ ਪੁਛ ਲਿਆ, "ਕਿਉਂ ਬਸ਼ੀਰਾਂ ਤੂੰ ਮੇਰੀ ਉਸ ਦਿਨ ਦੀ ਬੋਲੀ ਦਾ ਗੁੱਸਾ ਕੀਤਾ?"

"ਨਹੀਂ", ਬਸ਼ੀਰਾਂ ਬੋਲੀ, "ਮੈਂ ਗੁੱਸਾ ਕਿਹੜੀ ਗੱਲ ਦਾ ਕਰਨਾ ਸੀ।"

ਉਨ੍ਹਾਂ ਵਿਚ ਹੋਰ ਕੋਈ ਗੱਲ ਤਾਂ ਨਾ ਹੋਈ, ਪਰ ਬਲਿਹਾਰ ਦਾ ਮਨ ਸੌਖਾ ਹੋ ਗਿਆ ਕਿ ਬਸ਼ੀਰਾਂ ਨੇ ਉਸ ਦੀ ਬੋਲੀ ਸੁਣ ਕੇ ਗੁੱਸਾ ਨਹੀਂ ਕੀਤਾ ਸੀ।

ਸਾਲ ਕੁ ਪਿਛੋਂ ਜੁਲਾਈ ੧੯੪੭ ਵਿਚ ਦੇਸ਼ ਨੂੰ ਆਜ਼ਾਦੀ ਮਿਲ ਗਈ ਤੇ ਸਾਰੇ ਪਾਸੀਂ ਫਸਾਦ ਹੋਣ ਲਗ ਪਏ। ਮੱਖਣ ਸਿੰਘ ਤੇ ਬਲਿਹਾਰ ਸਿੰਘ ਨੇ ਇਸ ਗੱਲ ਵਿਚ ਫਿਰ ਅਗਵਾਈ ਕੀਤੀ ਕਿ ਉਨ੍ਹਾਂ ਦੇ ਪਿੰਡ ਵਿਚ ਮੁਲਸਮਾਨਾਂ ਉਤੇ ਜੋ ਸਾਰੇ ਲਾਗੀ ਸਨ ਤੇਲੀ, ਭਰਾਈ, ਮੋਚੀ, ਮਰਾਸੀ ਆਦਿ, ਕੋਈ ਹਿੰਸਾ ਨਾ ਹੋਵੇ। ਬਾਹਰਲੇ ਲੋਕ ਆ ਕੇ ਉਨ੍ਹਾਂ ਨੂੰ ਉਕਸਾਂਦੇ ਤਾਂ ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਉਨ੍ਹਾਂ ਨੂੰ ਟਾਲ ਦਿੰਦੇ। ਫਿਰ ਉਹ ਦਿਨ ਆ ਗਿਆ ਜਦੋਂ ਸਾਰੇ ਪਿੰਡ ਦੀ ਸਲਾਹ ਨਾਲ ਭੁਲੇਰ ਦੇ ਮੁਸਲਮਾਨ ਘਰ-ਬਾਰ ਛੱਡ ਕੇ ਭਾਂਡਾ ਟੀਂਡਾ, ਕੱਪੜਾ ਲੱਤਾ ਸਾਂਭ ਕੇ ਜਿਤਨਾ ਕੁ ਸਾਂਭ ਹੋਇਆ, ਤਿੰਨ ਕੁ ਮੀਲ ਦੂਰ ਵੱਡੇ ਪਿੰਡ ਢਿੱਲਵਾਂ ਵਿਚ ਚਲੇ ਗਏ ਜਿਥੇ ਹੋਰਨਾਂ ਪਿੰਡਾਂ ਦੇ ਮੁਸਲਮਾਨ ਉਜੜਿਆਂ ਲਈ ਕੈਂਪ ਬਣ ਗਿਆ ਸੀ। ਭੁਲੇਰ ਦੇ ਸਿੱਖ ਘੋੜਿਆਂ ਤੇ ਚੜ੍ਹੇ ਹੋਏ ਇਨ੍ਹਾਂ ਲੋਕਾਂ ਨੂੰ ਕੈਂਪ ਤਕ ਛੱਡਣ ਗਏ। ਮੱਖਣ ਸਿੰਘ ਤੇ ਬਲਿਹਾਰ ਸਿੰਘ ਪਿਉ ਪੁੱਤ ਇਸ ਕਾਫਲੇ ਦੀ ਅਗਵਾਈ ਕਰ ਰਹੇ ਸਨ।

ਜਦੋਂ ਉਹ ਤੁਰੇ ਜਾ ਰਹੇ ਸਨ ਤਾਂ ਬਸ਼ੀਰਾਂ ਤੇ ਉਸਦੀ ਮਾਂ ਮੁੜ ਮੁੜ ਬਲਿਹਾਰ ਦੇ ਨੇੜੇ ਆਉਣ, ਪਰ ਉਨ੍ਹਾਂ ਦਾ ਬਲਿਹਾਰ ਨੂੰ ਬੁਲਾ ਕੇ ਕੋਈ ਗੱਲ ਕਹਿਣ ਦਾ ਹੀਆ ਨਾਂ ਪਵੇ। ਛੇਕੜ ਜਦੋਂ ਕੈਂਪ ਬਹੁਤ ਨੇੜੇ ਰਹਿ ਗਿਆ ਤੇ ਕੈਂਪ ਵਿਚ ਹੋ ਰਹੀ ਹਿਲਜੁਲ ਤੇ ਬੋਲ ਵਰਾਲਾ ਸੁਣਨ ਲਗ ਪਿਆ ਤੇ ਸਾਰਿਆਂ ਦਾ ਧਿਆਨ ਉਧਰ ਚਲਾ ਗਿਆ, ਤਦੋਂ ਮੌਕਾ ਤਾੜ ਕੇ ਬਸ਼ੀਰਾਂ ਨੇ ਬਲਿਹਾਰ ਦੇ ਘੋੜੇ ਕੋਲ ਆ ਕੇ ਹੌਸਲਾ ਕਰਕੇ ਕਹਿ ਹੀ ਦਿਤਾ, "ਬਲਿਹਾਰ, ਜੇ ਮੌਕਾ ਲੱਗਾ ਤਾਂ ਸਾਨੂੰ ਕਦੇ ਕਦੇ ਮਿਲ ਜਾਇਆ ਕਰੀਂ।"

ਇਹ ਗੱਲ ਸੁਣ ਕੇ ਬਲਿਹਾਰ ਦੇ ਮਨ ਵਿਚ ਬੜਾ ਉਮਾਹ ਉਪਜ ਪਿਆ। ਉਸ ਦਾ ਜੀ ਕਰੇ ਜਿਵੇਂ ਬਸ਼ੀਰਾਂ ਨੂੰ ਆਪਣੇ ਪਿਛੇ ਘੋੜੀ ਉਤੇ ਬਿਠਾਲ ਲਵੇ ਤੇ ਘੋੜੀ ਨਸਾ ਕੇ ਪਿੰਡ ਨੂੰ ਮੁੜ ਜਾਵੇ। ਪਰ ਉਹ ਇਤਨਾ ਹੀ ਕਹਿ ਸਕਿਆ, "ਆਉਂ ਤੇ ਛੱਲੀਆਂ ਵੀ ਲਿਆਊਂ।"

ਫਿਰ ਜਿਸ ਦਿਨ ਮੁਸਲਮਾਨਾਂ ਦਾ ਸਾਰਾ ਕੈਂਪ ਫੌਜੀ ਸਿਪਾਹੀਆਂ ਦੀ ਨਿਗਰਾਨੀ ਹੇਠ ਢਿਲਵਾਂ ਤੋਂ ਪਾਕਿਸਤਾਨ ਵਲ ਨੂੰ ਤੁਰ ਪਿਆ ਤਾਂ ਆਪਣੇ ਘਰ ਦੇ ਜੀਆਂ ਨੂੰ ਤੇ ਚੀਜ਼ ਵਸਤ ਨੂੰ ਇਕੱਠਾ ਕਰਦੀ ਬਸ਼ੀਰਾਂ ਦੀ ਮਾਂ ਨੂੰ ਬਸ਼ੀਰਾਂ ਨਾ ਲੱਭੀ। ਉਸਨੂੰ ਹੌਲ ਪੈ ਗਿਆ ਤੇ ਉਹ ਚੀਖਣ ਕੁਰਲਾਣ ਲਗ ਪਈ। ਪਰ ਕੈਂਪ ਦੇ ਕੂਚ ਦੇ ਰੌਲੇ-ਗੌਲੇ ਤੇ ਫੌਜੀ ਸਿਪਾਹੀਆਂ ਦੀ 'ਛੇਤੀ ਕਰੋ, ਛੇਤੀ ਕਰੋ' ਵਿਚ ਉਸ ਦੀ ਗੱਲ ਕਿਸੇ ਨੇ ਨਾ ਸੁਣੀ।

ਭੁਲੇਰ ਦੇ ਮੁਸਲਮਾਨ ਪਤਾ ਨਹੀਂ ਕਿਹੜਿਆਂ ਦੁਖਾਂ ਤੇ ਝਮੇਲਿਆਂ ਨੂੰ ਸਹਿੰਦੇ ਪਾਕਿਸਤਾਨ ਪਹੁੰਚੇ ਜਾਂ ਉਨ੍ਹਾਂ


Sri Satguru Jagjit Singh Ji eLibrary NamdhariElibrary@gmail.com

ਵਿਚੋਂ ਸਾਰੇ ਪਹੁੰਚੇ ਵੀ ਕਿ ਨਹੀਂ, ਮਹੀਨਾ ਕੁ ਪਿਛੋਂ ਬਲਿਹਾਰ ਬਸ਼ੀਰਾਂ ਨੂੰ ਪਿੰਡ ਲੈ ਆਇਆ ਜਿਹੜੀ ਉਸ ਦੇ ਕਿਸੇ ਵਧੇਰ ਦਲੇਰ ਸਾਕ ਸੰਬੰਧੀ ਦੇ ਘਰ ਲੁਕੀ ਰਹੀ ਸੀ। ਕੈਂਪ ਦੇ ਪਾਕਿਸਤਾਨ ਲਈ ਕੂਚ ਕਰਨ ਦੀ ਸਵੇਰ ਦੇ ਤੜਕੇ ਹੀ ਗਿਣੇ-ਮਿਥੇ ਅਨੁਸਾਰ ਬਲਿਹਾਰ ਬਸ਼ੀਰਾਂ ਨੂੰ ਘੋੜੀ ਉਤੇ ਚੜ੍ਹਾਕੇ ਉਸ ਸਾਕ ਸੰਬੰਧੀ ਕੋਲ ਛਡ ਆਇਆ ਸੀ।

ਉਸ ਦਿਨ ਤੇ ਅੱਜ ਵੀ ਬਸ਼ੀਰਾਂ ਹੌਲੀ ਹੌਲੀ ਇਹ ਬੋਲੀ ਉਚਾਰਦੀ ਰਹੀ ਸੀ, "ਉਹ ਯਾਰੀ ਨਹੀਂ ਟੁੱਟਣੀ ਜਿਹੜੀ ਲਗ ਗਈ ਕੰਵਾਰਿਆਂ ਦੀ", ਤੇ ਜਦੋਂ ਬਲਿਹਾਰ ਬਸ਼ੀਰਾਂ ਨੂੰ ਆਪਣੇ ਸਾਕ ਸੰਬੰਧੀ ਦੇ ਘਰ ਛਡ ਕੇ ਪਿੰਡ ਨੂੰ ਮੁੜਿਆ ਸੀ ਤਾਂ ਬਸ਼ੀਰਾਂ ਨੇ ਬਲਿਹਾਰ ਨੂੰ ਪੁਛਿਆ ਸੀ, "ਬਲਿਹਾਰ ਤੂੰ ਮੇਰਾ ਕੀ ਬਣਾਵੇਂਗਾ, ਤੇਲਣ ਮੁਸਲੀ ਦਾ ?"

"ਹੁਣ ਤਾਂ ਤੂੰ ਸਿੱਖਣੀ ਤੇ ਮੈਂ ਮੁਸਲਾ", ਬਲਿਹਾਰ ਨੇ ਉੱਤਰ ਦਿਤਾ।

"ਨਹੀਂ, ਤੂੰ ਸਿੱਖ ਹੀ ਰਹੀਂ", ਬਸ਼ੀਰਾਂ ਨੇ ਉੱਤਰ ਦਿਤਾ ਸੀ ਤੇ ਜਦੋਂ ਉਸ ਸਾਕ ਸੰਬੰਧੀ ਦੇ ਘਰ ਇਕਲਵਾਂਝੇ ਜਿਹੇ ਹੋ ਕੇ ਬਲਿਹਾਰ ਨੇ ਬਸ਼ੀਰਾਂ ਨੂੰ ਗਲੇ ਲਗਾਣਾ ਚਾਹਿਆ ਸੀ ਤਾਂ ਬਸ਼ੀਰਾਂ ਨੇ ਤਰਲਾ ਕੀਤਾ ਸੀ, "ਬਲਿਹਾਰ, ਦੇਖੀਂ ਮੈਨੂੰ ਆਪਣੇ ਘਰ ਕੰਵਾਰੀ ਹੀ ਲੈ ਕੇ ਜਾਈਂ...ਫੇਰ ਮੈਂ ਸਿੱਖਣੀ ਬਣ ਜਾਊਂ ਤੇ ਜਿਵੇਂ ਚਾਹੇਂਗਾ ਕਰ ਲਈਂ।"

"ਪਹਿਲਾਂ ਵੀ ਤੇਰੀ ਮਰਜ਼ੀ ਚਲਦੀ ਸੀ ਤੇ ਅੱਗੋਂ ਵੀ ਤੇਰੀ ਮਰਜ਼ੀ ਚਲੂਗੀ..ਬਲਵੀਰਾਂ", ਬਲਿਹਾਰ ਦਾ ਉੱਤਰ ਸੀ।

ਬਸ਼ੀਰਾਂ ਨੇ ਮੁਸਕਰਾ ਦਿਤਾ, "ਤੂੰ ਮੇਰਾ ਨਾਂ ਬੜਾ ਸੋਹਣਾ ਰਖਿਆ ਏ, ਮੈਂ ਹੁਣ ਸਭ ਨੂੰ ਇਹੋ ਨਾਂ ਦੱਸੂੰਗੀ।"

ਘਰ ਦੀਆਂ ਇਸਤਰੀਆਂ ਨੇ ਬਸ਼ੀਰਾਂ ਨੂੰ ਉਸ ਦਾ ਨਾਮ ਪੁਛਿਆ ਤੇ ਉਸ ਨੇ ਬਲਵੀਰਾਂ ਦੱਸਿਆ, ਤਾਂ ਸਾਰੀਆਂ ਬਹੁਤ ਖੁਸ਼ ਹੋਈਆਂ।

ਇਸ ਤੋਂ ਪਹਿਲਾਂ ਮਹੀਨਾ ਭਰ ਮੱਖਣ ਸਿੰਘ ਦੇ ਘਰ ਬਲਿਹਾਰ ਤੇ ਬਸ਼ੀਰਾਂ ਬਾਰੇ ਬਹੁਤ ਬਹਿਸ ਤੇ ਝਗੜਾ ਹੁੰਦਾ ਰਿਹਾ ਸੀ। ਬਹੁਤੀਆਂ ਗੁਆਂਢਣਾਂ ਨੂੰ ਪਤਾ ਲਗ ਚੁਕਾ ਸੀ ਕਿ ਬਲਿਹਾਰ ਨੇ ਤੇਲੀਆਂ ਦੀ ਕੁੜੀ ਕਿਸੇ ਆਪਣੇ ਸਾਕ ਦੇ ਘਰ ਲੁਕਾਈ ਹੋਈ ਸੀ ਤੇ ਉਹ ਕਈ ਪ੍ਰਕਾਰ ਦੀ ਚਰਚਾ ਕਰਦੀਆਂ ਸਨ। ਕਈ ਤਾਂ ਇਥੋਂ ਤਕ ਜਾਂਦੀਆਂ ਕਿ ਜੇ ਉਹ ਕੁੜੀ ਬਲਿਹਾਰ ਦੇ ਘਰ ਆ ਗਈ ਤਾਂ ਉਹ ਉਸ ਨਾਲ ਵਰਤਣਾ ਛੱਡ ਦੇਣਗੇ। ਪਰ ਫਿਰ ਵਿਚ-ਵਿਚ ਕਈ ਜਵਾਨ ਉਮਰ ਦੀਆਂ ਆਖ ਦਿੰਦੀਆਂ ਸਨ, "ਨੀ, ਕੀ ਹੋ ਗਿਆ, ਸਾਡੀਆਂ ਨਹੀਂ ਹਿੰਦੂ ਸਿੱਖਾਂ ਦੀਆਂ ਕੁੜੀਆਂ ਉਨ੍ਹਾਂ ਮੁਸਲਮਾਨਾਂ ਨੇ ਓਧਰ ਆਪਣੇ ਘਰੀਂ ਰੱਖੀਆਂ ?" ਉਨ੍ਹਾਂ ਲਈ ਬਸ਼ੀਰਾਂ ਨੂੰ ਆਪਣੇ ਭਾਈਚਾਰੇ ਵਿਚ ਕਬੂਲ ਕਰ ਲੈਣਾ ਕਿ ਬਦਲੇ ਦੀ ਪੂਰਤੀ ਵਾਂਗੂੰ ਸੁਆਦਲਾ ਲਗਦਾ ਸੀ ਤੇ ਵਿਚੋਂ-ਵਿਚੋਂ ਕੋਈ ਇਹ ਵੀ ਕਹਿ ਦਿੰਦੀ, "ਨੀਂ ਭੈਣ, ਉਹ ਕੁੜੀ ਤਾਂ ਬਲਾਈ ਸੁਹਣੀ ਸੀ...ਸੁਹਣੀ ਤੀਵੀਂ ਦਾ ਨਹੀਂ ਕੋਈ ਜਾਤ ਧਰਮ ਹੁੰਦਾ।"

ਪਹਿਲਾਂ ਬਲਿਹਾਰ ਨੂੰ ਉਸ ਦੀ ਮਾਂ ਨੇ ਬਹੁਤ ਸਮਝਾਇਆ, ਪਰ ਜਦੋਂ ਬਲਿਹਾਰ ਨਾ ਹੀ ਮੰਨਿਆ ਤਾਂ ਉਸ ਨੇ ਹੋਰ ਆਪਣੇ ਵਰਗੀਆ ਇਸਤਰੀਆਂ ਨਾਲ ਸੁਰ ਮਿਲਾਣੀ ਸ਼ੁਰੂ ਕਰ ਦਿਤੀ, ਆਪਣੇ ਆਪ ਨੂੰ ਤੇ ਮੱਖਣ ਸਿੰਘ ਨੂੰ ਵੀ ਮਨਾ ਲਿਆ "ਕੋਈ ਨਹੀਂ, ਬਲਿਹਾਰ ਦਾ ਬਾਪੂ, ਅੱਜ ਦੇ ਸਮੇਂ ਏਸ ਗੱਲ ਵਿਚ ਕੋਈ ਐਬ ਨਹੀਂ। ਕਹਿੰਦੇ ਨੇ ਸਿਖ ਧਰਮ ਵਿਚ ਜਾਤ ਪਾਤ ਨੂੰ ਨਹੀਂ ਮੰਨਿਆ ਜਾਣਾ ਚਾਹੀਦਾ। ਚਲੋ ਸਾਡੇ ਕੋਲੋਂ ਤਾਂ ਜਾਤ ਨਹੀਂ ਟੁਟੀ ਤੇ ਨਾ ਈ ਅਸੀਂ ਤੋੜਨੀ ਚਾਹੁੰਦੇ ਸੀ ਪਰ ਜੇ ਹੁਣ ਮੁੰਡਾ ਤੋੜਣ ਤੇ ਤੁਲਿਆ ਹੋਇਐ ਤਾਂ ਕੀ ਕਰਨੈ ?" ਤੇ ਫਿਰ ਉਸ ਦਾ ਮੱਖਣ ਸਿੰਘ ਉਤੇ ਪੁਰਾਣਾ ਨਹੋਰਾ ਵੀ ਤਕੜਾ ਹੋ ਕੇ ਮੁੜ ਆਉਂਦਾ, "ਮੈਂ ਤੈਨੂੰ ਬਥੇਰਾ ਕਹਿੰਦੀ ਸੀ ਮੁੰਡੇ ਨੂੰ ਵਿਆਹ ਲੈ, ਕਿਤੇ ਦੋ ਛਿਲੜ ਈ ਦੇ ਕੇ ਵਿਆਹ ਲੈ, ਪਰ ਤੈਨੂੰ ਆਪਣੇ ਸਊਪਣ ਵਿਚ ਕੋਈ ਗੱਲ ਪੋਂਹਦੀ ਨਹੀਂ ਸੀ।"

"ਨੀ, ਤੂੰ ਕਦੋਂ ਕਹਿੰਦੀ ਹੁੰਦੀ ਸੀ, ਤੈਨੂੰ ਵੀ ਮੇਰੇ ਵਰਗੀ ਬੁਦਰੀ ਨੂੰ ਕਦੇ ਖਿਆਲ ਨਾ ਆਇਆ ਬਈ ਮੁੰਡਾ ਵਿਆਹੁਣ ਯੋਗ ਹੋ ਗਿਐ। ਜੇ ਖਿਆਲ ਕਰਦੇ ਤੇ ਕਿਸੇ ਭਾਈ ਬੰਦ ਦੀ ਮਿਨਤ ਕਰਦੇ, ਜ਼ੋਰ ਪਾਉਂਦੇ ਤਾਂ ਮੁੰਡੇ ਨੂੰ ਸਾਕ ਨਾ ਵੀ ਹੁੰਦਾ ? ਮੁੰਡੇ ਦੇ ਹਿੱਸੇ ਜ਼ਮੀਨ ਬਹੁਤੀ ਨਾ ਆਉਂਦੀ ਸਹੀ, ਸਾਡੇ ਸਿਰ ਕਰਜ਼ਾ ਵੀ ਤਾਂ ਕੋਈ ਨਹੀਂ।"

ਫਿਰ ਬਲਿਹਾਰ ਦੀ ਮਾਂ ਸੁਰ ਬਦਲ ਕੇ ਆਖ ਦਿੰਦੀ, 'ਚਲ ਕੋਈ ਨਾ, ਬਲਿਹਾਰ ਦਾ ਬਾਪੂ, ਕੁੜੀ ਸੁਹਣੀ ਤਾਂ ਹੱਦੋਂ ਪਰੇ ਆ, ਇਹ ਜਿਹੀ ਸੁਹਣੀ ਧੀ ਤਾਂ ਕਿਸੇ ਰਜਵਾੜੇ ਦੇ ਘਰ ਨਹੀਂ ਹੋਣੀ। ਫੇਰ ਬਲਿਹਾਰ ਕਹਿੰਦੈ ਉਹ ਪੜ੍ਹੀ ਵੀ ਐ ਛੇ ਸੱਤ ਜਮਾਤਾਂ। ਨਾਲੇ ਹੁਣ ਭਾਈਚਾਰਾ ਮੰਨਦੈ, ਹੁਣ ਮੁੰਡੇ ਦੀ ਮਰਜ਼ੀ ਮੰਨ ਈ ਲਈਏ।'

ਬਸ਼ੀਰਾਂ ਨੂੰ ਅੰਮ੍ਰਿਤ ਛਕਾਇਆ ਗਿਆ। ਉਸ ਦਾ ਨਾਮ ਪਹਿਲਾਂ ਮਿਥੇ ਅਨੁਸਾਰ ਬਲਵੀਰ ਕੌਰ ਹੀ ਰਖਿਆ



Sri Satguru Jagjit Singh Ji eLibrary NamdhariElibrary@gmail.com

ਗਿਆ ਤੇ ਬਲਿਹਾਰ ਸਿੰਘ ਨਾਲ ਉਸ ਦਾ ਆਨੰਦ ਕਾਰਜ ਕਰਵਾ ਦਿਤਾ ਗਿਆ।

ਬਸ਼ੀਰਾਂ ਉਰਫ ਬਲਵੀਰਾਂ ਵੀ ਜਿਵੇਂ ਦੋ ਇੰਚ ਉਚੀ ਹੋ ਗਈ ਹੋਵੇ। ਪਿੰਡ ਦੀਆਂ ਤੀਵੀਆਂ ਹੈਰਾਨ ਹੋ ਕੇ ਕਹਿੰਦੀਆਂ, "ਲਓ ਕੁੜੇ, ਤੇਲੀਆਂ ਦੀ ਕੁੜੀ ਉਤੇ ਕਿੰਨਾ ਰੂਪ ਚੜ੍ਹ ਆਇਐ।" ਇਹ ਕਹਿਣ ਨਾਲ ਉਨ੍ਹਾਂ ਨੂੰ ਸ਼ਰੀਕੇ ਦੀ ਚੋਟ ਕਰਨ ਦਾ ਵੀ ਕੁਝ ਸੁਆਦ ਆ ਜਾਂਦਾ।

ਚਾਰ ਪੰਜ ਮਹੀਨੇ ਲੰਘ ਗਏ ਤਾਂ ਪਿੰਡਾਂ ਵਿਚ ਭਾਰਤ ਤੇ ਪਾਕਿਸਤਾਨ ਦੀ ਪੁਲਸ ਮਿਲ ਕੇ ਇਧਰ ਰਹਿ ਗਈਆਂ ਇਸਤਰੀਆਂ ਲੱਭਣ ਤੇ ਪਾਕਿਸਤਾਨ ਭੇਜਣ ਦੇ ਆਹਰ ਵਿਚ ਘਰੋ ਘਰ ਛਾਪੇ ਮਾਰਨ ਲਗੀ। ਬਹੁਤਿਆਂ ਅਜਿਹੀਆਂ ਘਰਾਂ ਦੀ ਸੂਹ, ਜਿਥੇ ਕੋਈ ਮੁਸਲਮਾਨ ਇਸਤਰੀਆਂ ਰੱਖੀ ਹੋਈ ਸੀ, ਇਨ੍ਹਾਂ ਘਰਾਂ ਦੇ ਸ਼ਰੀਕ ਹੀ ਪੁਲੀਸ ਨੂੰ ਦੇ ਆਉਂਦੇ ਸਨ। ਬਸ਼ੀਰਾਂ ਬਾਰੇ ਵੀ ਇਹ ਸੂਹ ਪੁਲੀਸ ਕੋਲ ਪਹੁੰਚ ਗਈ।

ਪੁਲੀਸ ਆ ਗਈ ਤੇ ਮੱਖਣ ਸਿੰਘ ਤੇ ਬਲਿਹਾਰ ਸਿੰਘ ਨੂੰ ਬੁਲਾਇਆ ਗਿਆ, "ਬਈ ਮੱਖਣ ਸਿਆ ਸਰਦਾਰਾਂ ਤੇ ਬਲਿਹਾਰ ਸਿਆਂ।" ਥਾਣੇਦਾਰ ਨੇ ਬੜਾ ਸਾਊ ਜਿਹਾ ਬਣ ਕੇ ਸਲਾਹ ਦਿਤੀ, "ਭਾਈ ਹਿੱਕ ਤੇ ਪੱਥਰ ਰਖ ਕੇ ਬਸ਼ੀਰਾਂ ਨੂੰ ਪਾਕਿਸਤਾਨੀਆਂ ਦੇ ਹਵਾਲੇ ਕਰ ਹੀ ਦਿਓ। ਆਪਣੀਆਂ ਸਰਕਾਰਾਂ ਦਾ ਸਮਝੌਤਾ ਹੋ ਗਿਐ। ਓਧਰੋਂ ਵੀ ਬਹੁਤ ਆਪਣੀਆਂ ਕੁੜੀਆਂ ਕਤਰੀਆਂ ਇਉਂ ਧੱਕੇ ਨਾਲ ਰਖੀਆਂ ਹੋਈਆਂ ਆਪਣੇ ਦੇਸ਼ ਲਿਆਂਦੀਆਂ ਜਾ ਰਹੀਆਂ ਨੇ।"

"ਪਰ, ਸਰਦਾਰ ਜੀ, ਉਹਨਾਂ ਵਿਚਾਰੀਆਂ ਸਾਡੀਆਂ ਧੀਆਂ ਭੈਣਾਂ, ਨੂੰ ਕਹਿੰਦੇ ਨੇ ਉਨ੍ਹਾਂ ਦੇ ਘਰ ਵਾਲੇ ਈ ਕਬੂਲ ਨਹੀਂ ਕਰ ਰਹੇ। ਫੇਰ ਉਹਨਾਂ ਵਿਚਾਰੀਆਂ ਦਾ ਏਧਰ ਲਿਆਂਦੀਆਂ ਦਾ ਕੀ ਬਣੂ?"

"ਉਹਨਾਂ ਨੂੰ ਕੋਈ ਘਰ ਟਿਕਾਣਾ ਮਿਲ ਈ ਜਾਊ ਜੇ ਘਰ ਵਾਲੇ ਕਬੂਲ ਨਹੀਂ ਕਰਦੇ। ਸਮਾਂ ਬਦਲ ਗਿਆ, ਭਾਈ, ਹੁਣ ਲੋਕ ਏਡੇ ਨਿਰਦਈ ਨਹੀਂ ਰਹੇ।"

"ਇਹਨਾਂ ਚਹੁੰ ਮਹੀਨਿਆਂ ਵਿਚ ਈ ਲੋਕ ਦਇਆ ਦੇ ਪੁਤਲੇ ਬਣ ਗਏ?" ਇਕ ਪੜ੍ਹੇ ਲਿਖੇ ਨੌਜਵਾਨ ਨੇ ਵਿਅੰਗ ਨਾਲ ਕਿਹਾ।

"ਸਰਦਾਰ ਜੀ, ਤੁਹਾਡੀ ਗੱਲ ਠੀਕ ਹੈ", ਪਾਕਿਸਤਾਨੀ ਥਾਣੇਦਾਰ ਨੇ ਲਿਫਤਾ ਜਿਹਾ ਉੱਤਰ ਦਿਤਾ, "ਸਾਡੇ ਦੋਹਾਂ ਦੇਸ਼ਾਂ ਵਿਚ ਲੋਕਾਂ ਨੇ ਬਹੁਤ ਦਰਿੰਦਗੀ ਦਾ ਸਬੂਤ ਦਿਤਾ, ਪਰ ਹੁਣ ਵੀ ਜਿਤਨੀ ਕੁ ਇਨਸਾਨੀਅਤ ਆਪਾਂ ਕੋਲੋਂ ਹੋ ਸਕਦੀ ਹੈ, ਕਰਨ ਵਿਚ ਢਿੱਲ ਨਹੀਂ ਕਰਨੀ ਚਾਹੀਦੀ।"

"ਪਤਾ ਨਹੀਂ ਇਨਸਾਨੀਅਤ ਕਿਸ ਗੱਲ ਵਿਚ ਐ। ਬਸ਼ੀਰਾਂ ਇਥੇ ਬਹੁਤ ਖੁਸ਼ ਐ। ਬਾਰਾਂ ਤੇਰਾਂ ਏਕੜ ਭੋਇੰ ਦੀ ਮਾਲਕ ਐ। ਸਾਡੇ ਪਿੰਡ ਦਾ ਤਾਂ ਉਹ ਸ਼ਿੰਗਾਰ ਐ, ਸ਼ਾਇਦ ਕੋਈ ਨਿੱਕਾ ਨਿਆਣਾ ਵੀ ਹੋਣ ਵਾਲਾ ਹੋਵੇ।"

"ਬਹੁਤੀਆਂ ਗੱਲਾਂ ਦਾ ਕੋਈ ਫਾਇਦਾ ਨਹੀਂ, ਸਰਦਾਰ ਸਾਹਿਬ", ਸਿਖ ਥਾਣੇਦਾਰ ਨੇ ਕੁਝ ਤਿਖੇ ਹੋ ਕੇ ਕਿਹਾ, "ਬਸ਼ੀਰਾਂ ਕਹਿ ਲਵੋ, ਬਲਵੀਰਾਂ ਕਹਿ ਲਵੋ। ਹੁਣ ਤਾਂ ਉਹ ਇਹਨਾਂ ਦੇ ਹਵਾਲੇ ਕਰਨੀ ਹੀ ਪਵੇਗੀ।"

ਬਲਵੀਰਾਂ ਨੂੰ ਰੋਂਦੀ ਕੁਰਲਾਂਦੀ ਨੂੰ ਚੰਗੇ ਕਪੜੇ ਪੁਵਾ ਕੇ ਤੇ ਨਾਲ ਇਕ ਸੂਟਕੇਸ ਤੇ ਗਠੜੀ ਦੇ ਕੇ ਪਾਕਿਸਤਾਨ ਦੇ ਟਰੱਕ ਵਲ ਲਿਆਂਦਾ ਗਿਆ। ਉਸ ਨੇ ਟਰੱਕ ਵਿਚ ਚੜ੍ਹਨ ਤੋਂ ਪਹਿਲਾਂ ਇਕ ਆਖਰੀ ਅਪੀਲ ਦੇ ਰੂਪ ਵਿਚ ਇਹ ਵੀ ਕਿਹਾ "ਮਾਪਿਓ, ਮੇਰੇ ਤਾਂ ਪੇਟ ਵਿਚ ਚਾਰ ਮਹੀਨੇ ਬੱਚਾ ਵੀ ਐ। ਉਹਦਾ ਕੀ ਬਣੂ?"

"ਕੋਈ ਨਹੀਂ, ਬੀਬੀ, ਫਿਕਰ ਨਾ ਕਰ", ਪਾਕਿਸਤਾਨੀ ਥਾਣੇਦਾਰ ਨੇ ਬਸ਼ੀਰਾਂ ਨੂੰ ਤਸੱਲੀ ਕਰਵਾਣੀ ਚਾਹੀ, "ਤੇਰੇ ਬੱਚੇ ਨੂੰ ਕੁਝ ਨਹੀਂ ਹੁੰਦਾ। ਤੂੰ ਸਹੀ ਸਲਾਮਤ ਪਾਕਿਸਤਾਨ ਪਹੁੰਚ ਜਾਵੇਂਗੀ ਤੇ ਉਥੇ ਆਪਣਾ ਬੱਚਾ ਜਣ ਲਈ।"

ਨਾਲ ਬੈਠੇ ਸਿਪਾਹੀਆਂ ਵਿਚ ਕੁਝ ਹਾਸਾ ਫੈਲ ਗਿਆ ਤੇ ਬਸ਼ੀਰਾਂ ਰੋਂਦੀ ਕੁਰਲਾਂਦੀ ਟਰੱਕ ਵਿਚ ਬੈਠ ਗਈ। ਬਲਿਹਾਰ ਤੇ ਬਲਿਹਾਰ ਦੀ ਮਾਂ ਦੀਆਂ ਅੱਖਾਂ ਵਿਚ ਹੰਝੂ ਸਨ।

ਬਸ਼ੀਰਾਂ ਪਾਕਿਸਤਾਨ ਚਲੀ ਗਈ, ਸੁਖ ਸਾਂਦ ਨਾਲ ਆਪਣੇ ਮਾਂ ਪਿਉ ਕੋਲ। ਅੱਤ ਸੁੰਦਰ ਬਸ਼ੀਰਾਂ ਲਈ ਪਾਕਿਸਤਾਨ ਵਿਚ ਵਰ ਘਰ ਦਾ ਘਾਟਾ ਨਹੀਂ ਸੀ। ਫਿਰ ਵੀ ਇਧਰੋ ਗਏ ਤੇਲੀਆਂ ਨੇ ਇਧਰੋਂ ਹੀ ਗਏ ਕਿਸੇ ਤੇਲੀ ਨੌਜਵਾਨ ਕਮਾਲੇ ਨਾਲ ਉਸ ਦਾ ਨਿਕਾਹ ਪੜ੍ਹਾ ਦਿਤਾ।

ਕਮਾਲਾ ਇਹੋ ਜਿਹੀ ਸੁੰਦਰ ਵਹੁਟੀ ਪ੍ਰਾਪਤ ਕਰਕੇ ਫੁਲਿਆ ਨਹੀਂ ਸਮਾਂਦਾ ਸੀ। ਉਸ ਦੇ ਘਰ ਵਿਚ ਕੇਵਲ ਇਕ ਬੁਢੀ ਮਾਂ ਸੀ, ਸੱਠ ਵਰ੍ਹੇ ਨੂੰ ਪਹੁੰਚੀ ਹੋਈ ਤੇ ਪਿਉ ਸ਼ਾਇਦ ਭਾਰਤ ਵਿਚ ਹੀ ਫਸਾਦੀਆਂ ਹੱਥੋਂ ਮਾਰਿਆ ਗਿਆ ਸੀ। ਕਮਾਲੇ ਦਾ ਹੋਰ ਭੈਣ ਭਰਾ ਕੋਈ ਨਹੀਂ ਸੀ। ਅਸਲ



Sri Satguru Jagjit Singh Ji eLibrary NamdhariElibrary@gmail.com

ਵਿਚ ਬਸ਼ੀਰਾਂ ਦੇ ਮਾਪਿਆਂ ਨੇ ਵੀ ਸਿਆਣਪ ਵਰਤ ਕੇ ਇਸ ਘਰ ਬਸ਼ੀਰਾਂ ਨੂੰ ਵਿਆਹਿਆ ਸੀ ।

"ਇਸ ਘਰ ਵਿਚ ਬਸ਼ੀਰਾਂ ਨੂੰ ਆਪਣੇ ਪਤੀ ਤੇ ਸੱਸ ਦੋਹਾਂ ਕੋਲੋਂ ਭਰਪੂਰ ਪਿਆਰ ਮਿਲਿਆ ਇਥੋਂ ਤਕ ਕਿ ਜਦੋਂ ਮਹੀਨੇ ਕੁ ਪਿਛੋਂ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਬਸ਼ੀਰਾਂ ਦੇ ਪੇਟ ਵਿਚ ਬੱਚਾ ਹੈ ਤਾਂ ਉਨ੍ਹਾਂ ਨੇ ਬਹੁਤਾ ਫਿਕਰ ਨਾ ਕੀਤਾ । ਬਹੁਤੇ ਮਜ਼ਦੂਰ ਘਰਾਂ ਵਾਂਗ ਉਨ੍ਹਾਂ ਦਾ ਸਿਧਾਂਤ ਸਰਲ ਤੇ ਸਪਸ਼ਟ ਸੀ । ਜਿਹੜਾ ਜੀ ਅੱਲਾ ਮੀਆਂ ਵਲੋਂ ਭੇਜਿਆ ਉਨ੍ਹਾਂ ਦੇ ਘਰ ਆਵੇਗਾ, ਉਹ ਆਪਣਾ ਰਿਜ਼ਕ ਨਾਲ ਲਿਆਵੇਗਾ ਤੇ ਸਗੋਂ ਦਸ ਬਾਰਾਂ ਵਰ੍ਹੇ ਦਾ ਹੋ ਕੇ ਆਪਣੀ ਕਮਾਈ ਵਿਚੋਂ ਕੁਝ ਆਪਣੇ ਮਾਂ ਪਿਉ ਨੂੰ ਵੀ ਦੇਣ ਜੋਗਾ ਹੋ ਜਾਵੇਗਾ । ਬੁੱਢੀ ਨੂੰ ਤਾਂ ਇਹ ਭਰਮ ਸੀ ਕਿ ਨਵੇਂ ਜੀ ਦੇ ਆਉਣ ਨਾਲ ਹੀ ਪੀੜਨ ਨੂੰ ਵਧੇਰੇ ਸਰ੍ਹੋਂ ਮਿਲਣ ਲਗ ਜਾਵੇਗੀ । ਇਤਨਾ ਹੀ ਨਹੀਂ ਪਿੰਡ ਵਿਚ ਕਿਰਸਾਣਾਂ ਦੇ ਖੇਤਾਂ ਵਿਚ ਉਸ ਨਵੇਂ ਜੀ ਦਾ ਸਦਕਾ ਵਧੇਰੇ ਸਰ੍ਹੋਂ ਪੈਦਾ ਹੋਣ ਲੱਗ ਜਾਵੇਗੀ ।

ਪਰ ਕਮਾਲੇ ਨੂੰ ਕਈ ਵਾਰ ਇਹ ਗੱਲ ਚੁਭਦੀ, ਜਦੋਂ ਪੰਜਾਂ ਕੁ ਮਹੀਨਿਆਂ ਵਿਚ ਕੋਈ ਜੁਆਕ ਆ ਗਿਆ ਤਾਂ ਲੋਕ ਉਸ ਨੂੰ ਬਾਪ ਕਿਵੇਂ ਮੰਨਣਗੇ ? ਪਰ ਬੁਢੀ ਨੇ ਇਸ ਪ੍ਰਸ਼ਨ ਦਾ ਉੱਤਰ ਵੀ ਘੜ ਲਿਆ ਹੋਇਆ ਸੀ । ਉਸ ਨੇ ਗੱਲਾਂ ਗੱਲਾਂ ਵਿਚ ਆਪਣੀਆਂ ਗੁਆਂਢਣਾਂ ਅੱਗੇ ਇਹ ਭੇਦ ਖੋਲ੍ਹ ਦਿਤਾ ਸੀ ਕਿ ਬਸ਼ੀਰਾਂ ਤਾਂ ੧੯੪੭ ਦੇ ਫਸਾਦਾਂ ਤੋਂ ਪਹਿਲੋਂ ਕਮਾਲੇ ਨਾਲ ਵਿਆਹੀ ਜਾ ਚੁਕੀ ਸੀ । ਉਨ੍ਹਾਂ ਨੇ ਉਸ ਦਾ ਬਸ਼ੀਰਾਂ ਨਾਲ ਦੂਜੀ ਵਾਰੀ ਨਿਕਾਹ ਤਾਂ ਇਸ ਲਈ ਪੜ੍ਹਾਇਆ ਸੀ ਕਿ ਭਾਰਤ ਵਿਚ ਕਾਫ਼ਰਾਂ ਨੇ ਉਸ ਨੂੰ ਦੀਨ ਮੁਹੰਮਦੀ ਵਿਚੋਂ ਕੱਢ ਕੇ ਸਿਖਣੀ ਬਣਾ ਲਿਆ ਸੀ, ਜਿਸ ਨਾਲ ਪਹਿਲਾ ਨਿਕਾਹ ਟੁੱਟ ਗਿਆ ਸੀ । ਗੁਆਂਢਣਾਂ ਵਿਚੋਂ ਸਾਰੀਆਂ ਇਸ ਗੱਲ ਨੂੰ ਮੰਨਣ ਨੂੰ ਭਾਵੇਂ ਤਿਆਰ ਨਹੀਂ ਹੋਣਗੀਆਂ ਪਰ ਕਮਾਲੇ ਦੀ ਮਾਂ ਉਨ੍ਹਾਂ ਦੇ ਅਜਿਹੇ ਸ਼ੰਕਿਆਂ ਦੀ ਕੋਈ ਪਰਵਾਹ ਨਹੀਂ ਸੀ । ਮਾਂ ਦੀ ਇਸ ਘੜਤ ਨਾਲ ਕਮਾਲੇ ਦੀ ਵੀ ਤਸੱਲੀ ਹੋ ਜਾਂਦੀ, ਭਾਵੇਂ ਇਸ ਤੇ ਬਿਨਾਂ ਵੀ ਉਹ ਬਸ਼ੀਰਾਂ ਲਈ ਉਸ ਦੇ ਪਿਆਰ ਨੂੰ ਸਮਾਪਤ ਨਹੀਂ ਕਰ ਸਕਦੀ ਸੀ ਤਦ ਵੀ ਉਸ ਨੇ ਬਸ਼ੀਰਾਂ ਨੂੰ ਦੋ ਚਾਰ ਵਾਰ ਗਰਭਪਾਤ ਕਰਵਾਣ ਲਈ ਆਖ ਵੇਖਿਆ । ਬਸ਼ੀਰਾਂ ਗਰਭਪਾਤ ਕਰਵਾਣਾ ਨਾ ਮੰਨੀ, ਬਹੁਤਾ ਇਸ ਕਰਕੇ ਕਿ ਗਰਭਪਾਤ ਦਾ ਪ੍ਰਬੰਧ ਪਿੰਡ ਦੀ ਹੀ ਕਿਸੇ ਦਾਈ ਕੋਲੋਂ ਕਰਵਾਣਾ ਪੈਣਾ ਸੀ ਤੇ ਪਿੰਡ ਵਿਚ ਚੋਖਾ ਬਦਨਾਮ ਹੋਣਾ ਪੈਣਾ ਸੀ । ਉਸ ਦਾਈ ਹੱਥੋਂ ਦੋ ਇਸਤਰੀਆਂ ਪਿਛਲੇ ਤਿੰਨਾਂ ਮਹੀਨਿਆਂ ਵਿਚ ਹੀ ਮਰ ਚੁਕੀਆਂ ਸਨ । ਬਸ਼ੀਰਾਂ ਐਵੇਂ ਅਜਾਈਂ ਮੌਤ ਮਰਨਾ ਨਹੀਂ ਚਾਹੁੰਦੀ ਸੀ । ਨਾਲੇ ਉਸ ਦੇ ਮਨ ਵਿਚੋਂ ਬਲਿਹਾਰ ਦਾ ਪਿਆਰ ਮਰਿਆ ਨਹੀਂ ਸੀ । ਉਹ ਆਪਣੇ ਇਸ ਗਰਭ ਨੂੰ ਬਲਿਹਾਰ ਦੀ ਨਿਸ਼ਾਨੀ ਸਮਝਦੀ ਸੀ । ਕੀ ਪਤਾ ਅੱਲਾ ਨੂੰ ਕੀ ਮਨਜ਼ੂਰ ਹੋਊ, ਉਹ ਸੋਚਦੀ, ਖਬਰਿਆ ਦੋ ਮਹੀਨਿਆਂ ਨੂੰ, ਛੇ ਮਹੀਨਿਆਂ ਨੂੰ ਕੀ ਕੁਸ਼ ਹੋ ਜਾਵੇ ਤੇ ਉਹ ਫਿਰ ਬਲਿਹਾਰ ਕੋਲ ਜਾਣ ਜੋਗੀ ਹੋ ਜਾਵੇ । ਪਰ ਐਡੀ ਛੇਤੀ ਹੋਰ ਕੁਝ ਨਾ ਹੋਇਆ ਤੇ ਪੰਜ ਮਹੀਨੇ ਪਿਛੋਂ ਬਸ਼ੀਰਾਂ ਦੇ ਇਕ ਪੁੱਤਰ ਨੇ ਜਨਮ ਲੈ ਲਿਆ । ਬਸ਼ੀਰਾਂ ਨੂੰ ਆਪਣਾ ਮੁੰਡਾ ਸ਼ਕਲ ਸੂਰਤ ਤੋਂ ਪੂਰੀ ਬਲਿਹਾਰ ਦੀ ਤਸਵੀਰ ਹੀ ਜਾਪਦਾ ਸੀ । ਭਾਵੇਂ ਉਸ ਦੀ ਸੱਸ ਇਹ ਕਹਿੰਦੀ ਨਾ ਥੱਕਦੀ ਕਿ ਮੁੰਡੇ ਦਾ ਮੁੜੰਗਾ ਹੂ-ਬ-ਹੂ ਬਸ਼ੀਰਾਂ ਵਰਗਾ ਸੀ ।

ਕਮਾਲਦੀਨ ਨੂੰ ਇਸ ਗੱਲ ਦੀ ਸੁਖਦਾਈ ਹੈਰਾਨੀ ਹੋਈ ਕਿ ਪਿੰਡ ਵਿਚ ਕਿਸੇ ਨੇ ਇਹ ਨਾ ਚਿਤਾਰਿਆ ਕਿ ਉਸ ਦੀ ਵਹੁਟੀ ਨੇ ਪੰਜਾਂ ਮਹੀਨਿਆਂ ਵਿਚ ਹੀ ਮੁੰਡਾ ਜੰਮ ਦਿਤਾ ਸੀ । ਉਸ ਨੂੰ ਕਿਸੇ ਮਖ਼ੌਲ ਨਾ ਕੀਤਾ, ਕਿਸੇ ਨੇ ਇਹ ਕਟਾਖ ਨਾ ਕੀਤਾ ਕਿ ਉਸ ਦੀ ਵਹੁਟੀ ਮੁੰਡਾ ਆਪਣੇ ਨਾਲ ਹੀ ਲਿਆਈ ਸੀ । ਕਮਾਲੇ ਦੇ ਨਿਕਾਹ ਵਾਲੇ ਦਿਨ ਮੌਲਵੀ ਨੇ ਇਹ ਕਹਿ ਦਿਤਾ ਸੀ ਕਿ ਬਸ਼ੀਰਾਂ ਨਾਲ ਨਿਕਾਹ ਪੜ੍ਹ ਕੇ ਕਮਾਲਦੀਨ ਇਕ ਸਵਾਬ ਦਾ ਕੰਮ ਕਰ ਰਿਹਾ ਸੀ ਤੇ ਪਿੰਡ ਵਿਚ ਕੋਈ ਇਸਤਰੀ ਪੁਰਸ਼ ਸਵਾਬ ਦੇ ਕੰਮ ਉਤੇ ਖੁਲ੍ਹਾ ਵਿਅੰਗ ਨਹੀਂ ਕਰ ਸਕਦਾ ਸੀ ।

ਪਰ ਬਸ਼ੀਰਾਂ ਨੇ ਕਮਾਲੇ ਨੂੰ ਮੁਢ ਤੋਂ ਹੀ ਇਹ ਚਿਤਾਰ ਦਿਤਾ ਕਿ ਇਹ ਮੁੰਡਾ ਉਨ੍ਹਾ ਨੇ ਵਾਪਸ ਭਾਰਤ ਭੇਜ ਦੇਣਾ ਹੈ, ਆਪਣੇ ਘਰ ਨਹੀਂ ਰੱਖਣਾ । ਭਾਰਤੀ ਇਸਤਰੀ ਦੇ ਭਾਵੇਂ ਉਹ ਮੁਸਲਮਾਨ ਹੀ ਹੋਵੇ, ਸਰਲ ਸੁਭਾਵ ਅਨੁਸਾਰ ਉਹ ਆਪਣੇ ਪੁਤਰ ਨੂੰ ਜਿਸ ਦਾ ਨਾਮ ਮੌਲਵੀ ਨੇ, ਜਿਵੇਂ ਆਪਣੇ ਸਵਾਬ ਵਾਲੇ ਵਿਚਾਰ ਦੀ ਪੁਸ਼ਟੀ ਵਿਚ, ਮੁਬਾਰਕ ਰੱਖ ਦਿਤਾ ਸੀ ਬਲਿਹਾਰ ਦੀ ਅਮਾਨਤ ਸਮਝਦੀ ਸੀ, ਇਸ ਦੇ ਸਰੀਰ ਤੇ ਆਤਮਾ ਵਿਚ ਉਸ ਨੂੰ ਆਪਣਾ ਕੋਈ ਭਾਗ ਨਹੀਂ ਦਿਸਦਾ ਸੀ ।

ਕਮਾਲਦੀਨ ਵੀ ਇਸ ਬੱਚੇ ਬਾਰੇ ਬਹੁਤਾ ਉਤਸਾਹਿਤ ਨਹੀਂ ਸੀ । ਉਹ ਇਸ ਗੱਲੋਂ ਡਰਦਾ ਸੀ ਕਿ ਸ਼ਾਇਦ ਉਸ ਦੀ ਮਾਂ ਤੇ ਪਿੰਡ ਦੇ ਹੋਰ ਲੋਕ ਵਿਸ਼ੇਸ਼ ਕਰਕੇ ਉਸ ਦਾ



Sri Satguru Jagjit Singh Ji eLibrary NamdhariElibrary@gmail.com

ਆਪਣਾ ਭਾਈਚਾਰਾ ਉਸ ਮੁੰਡੇ ਨੂੰ ਭਾਰਤ ਭੇਜਣ ਦੀ ਆਗਿਆ ਨਾ ਦੇ ਦੇਣ ਕਿਉਂਕਿ ਇਸ ਤਰ੍ਹਾਂ ਉਹ ਜਨਮ ਦੇ ਮੁਸਲਮਾਨਾਂ ਨੂੰ ਕਾਫ਼ਰਾਂ ਦੇ ਧਰਮ ਵਿਚ ਭੇਜਣਾ ਪਾਪ ਸਮਝਣਗੇ ।

ਮੁੰਡਾ ਪੰਜ ਕੁ ਮਹੀਨੇ ਦਾ ਹੋ ਗਿਆ ਤਾਂ ਬਸ਼ੀਰਾਂ ਨੂੰ ਇਸ ਨੂੰ ਭਾਰਤ ਬਲਿਹਾਰ ਸਿੰਘ ਕੋਲ ਭੇਜਣ ਦਾ ਫਿਕਰ ਹੋਣ ਲਗ ਪਿਆ। ਭਾਵੇਂ ਮੁੰਡੇ ਨੇ ਹਾਲੇ ਕਈ ਮਹੀਨੇ ਬਸ਼ੀਰਾਂ ਦਾ ਦੁੱਧ ਚੁੰਘਣਾ ਸੀ ਜਿਸ ਦੇ ਛੱਡਣ ਪਿਛੋਂ ਹੀ ਉਹ ਉਸ ਨੂੰ ਭਾਰਤ ਭੇਜਣ ਦਾ ਹੀਲਾ ਕਰੇਗੀ, ਉਹ ਜਿਉਂ ਜਿਉਂ ਵੱਡਾ ਹੁੰਦਾ ਸੀ ਬਸ਼ੀਰਾਂ ਦਾ ਉਸ ਨਾਲ ਪਿਆਰ ਵਧਦਾ ਜਾਂਦਾ ਸੀ ਤੇ ਉਸ ਦੇ ਆਪਣੇ ਮਨ ਵਿਚ ਮੁੰਡੇ ਨਾਲੋਂ ਵਿਛੜਨ ਤੋਂ ਸੰਕੋਚ ਲਗਾਤਾਰ ਵਧਦਾ ਜਾਂਦਾ ਸੀ, ਪਰ ਬਸ਼ੀਰਾਂ ਨੇ ਆਪਣਾ ਇਰਾਦਾ ਪੱਕਾ ਬਣਾਈ ਰਖਿਆ। ਸ਼ਾਇਦ ਉਸ ਦੇ ਮਨ ਵਿਚ ਇਹ ਵੀ ਗੱਲ ਆਉਂਦੀ ਸੀ ਕਿ ਉਹ ਮੁੰਡੇ ਨੂੰ ਭਾਰਤ ਛੱਡਣ ਜਾਵੇਗੀ ਤਾਂ ਕਮਾਲਦੀਨ ਉਸ ਦੀ ਮਾਂ, ਭਾਈਚਾਰਾ ਤੇ ਪਾਕਿਸਤਾਨ ਦੀ ਸਰਕਾਰ ਇਹ ਭੁੱਲ ਹੀ ਜਾਵੇ ਕਿ ਬਸ਼ੀਰਾਂ ਪਾਕਿਸਤਾਨ ਦੀ ਅਮਾਨਤ ਹੈ ਤੇ ਉਹ ਭਾਰਤ ਦੇ ਪਿੰਡ ਢਿਲਵਾਂ ਵਿਚ ਹੀ ਬਲਿਹਾਰ ਦੇ ਘਰ ਫਿਰ ਤੋਂ ਜਾ ਵਸੇ ।

ਬਸ਼ੀਰਾਂ ਨੂੰ ਯਾਦ ਆਇਆ ਕਿ ਉਨ੍ਹਾਂ ਦੀ ਇਕ ਮਾਸੀ ਦੀ ਧੀ ਉਸ ਦੇ ਹਾਣ ਦੀ ਮਲੇਰਕੋਟਲੇ ਵਿਆਹੀ ਹੋਈ ਸੀ ਤੇ ਉਹ ਲੋਕ ਪਾਕਿਸਤਾਨ ਨਹੀਂ ਆਏ ਸਨ ਕਿਉਂਕਿ ਉਨ੍ਹਾਂ ਨੂੰ ਪਾਕਿਸਤਾਨ ਜਾਣ ਦੀ ਮਜਬੂਰੀ ਨਹੀਂ ਸੀ। ਉਸ ਨੇ ਆਪਣੇ ਮਨ ਵਿਚ ਸੋਚਿਆ ਕਿ ਉਹ ਉਸ ਭੈਣ ਨੂੰ ਮਿਲਣ ਦਾ ਬਹਾਨਾ ਬਣਾ ਕੇ ਭਾਰਤ ਜਾਣ ਦੀ ਆਗਿਆ ਪ੍ਰਾਪਤ ਕਰ ਲਵੇਗੀ ਤੇ ਭਾਵੇਂ ਉਹ ਆਪਣੇ ਪੁਤਰ ਨੂੰ ਬਲਿਹਾਰ ਕੋਲ ਹੀ ਛੱਡ ਕੇ ਆਵੇਗੀ, ਜੇ ਉਸ ਨੂੰ ਆਉਣਾ ਹੀ ਪਿਆ ਪਰ ਆਪਣੀ ਸੱਸ ਤੇ ਭਾਈਚਾਰੇ ਨੂੰ ਇਹ ਕਹੇਗੀ ਕਿ ਉਸ ਦਾ ਪੁਤਰ ਉਸ ਦੀ ਭੈਣ ਨੇ ਰਖ ਲਿਆ ਹੈ। ਜਾਂ ਭਾਵੇਂ ਇਹ ਸੋਚ ਕੇ ਉਸ ਦਾ ਦਿਲ ਘਟਦਾ ਸੀ, ਉਹ ਕਮਾਲਦੀਨ ਨੂੰ ਇਹ ਕਹਿਣ ਉਤੇ ਮਨਾ ਲਵੇਗੀ ਕਿ ਉਨ੍ਹਾਂ ਦਾ ਪੁਤਰ ਉਥੇ ਭਾਰਤ ਜਾ ਕੇ ਮਰ ਗਿਆ ਸੀ ।

ਅਗਲੇ ਸਾਲ ਇਹ ਸਾਰੇ ਬਹਾਨੇ ਬਣਾ ਕੇ ਕਮਾਲਦੀਨ ਤੇ ਬਸ਼ੀਰਾਂ ਆਪਣੀ ਸਰਕਾਰ ਤੋਂ ਆਗਿਆ ਤੇ ਜ਼ਰੂਰੀ ਪੱਤਰ ਲੈ ਕੇ ਮਲੇਰਕੋਟਲੇ ਬਸ਼ੀਰਾਂ ਦੀ ਮਾਸੀ ਦੀ ਧੀ ਪਾਸ ਆ ਗਏ । ਮਲੇਰਕੋਟਲੇ ਆ ਕੇ ਬਸ਼ੀਰਾਂ ਨੇ ਕਮਾਲਦੀਨ ਦਾ ਮਨ ਵੀ ਬਦਲ ਦਿਤਾ ਤੇ ਉਨ੍ਹਾਂ ਦੋਹਾਂ ਨੇ ਮਲੇਰਕੋਟਲੇ ਰਹਿਣ ਦਾ ਹੀ ਪ੍ਰਬੰਧ ਕਰ ਲਿਆ । ਕਮਾਲਦੀਨ ਆਉਂਦਾ ਹੋਇਆ ਕੁਝ ਰੁਪਏ ਆਪਣੀ ਮਾਂ ਕੋਲ ਛੱਡ ਆਇਆ ਸੀ ਤੇ ਲੋੜ ਪਈ ਤੇ ਉਹ ਆਪਣੀ ਸਾਲੀ ਰਾਹੀਂ ਮਨੀਆਰਡਰ ਕਰਵਾ ਕੇ ਉਸ ਨੂੰ ਹੋਰ ਪੈਸੇ ਵੀ ਭੇਜ ਸਕਦਾ ਸੀ ।

ਮਲੇਰਕੋਟਲੇ ਪਹੁੰਚ ਕੇ ਬਸ਼ੀਰਾਂ ਨੇ ਕਮਾਲਦੀਨ ਨੂੰ ਢਿਲਵਾਂ ਬਲਿਹਾਰ ਨੂੰ ਮਿਲਣ ਭੇਜ ਦਿਤਾ । ਕਮਾਲਦੀਨ ਦਾ ਆਪਣਾ ਪਹਿਲਾ ਪਿੰਡ ਢਿਲਵਾਂ ਤੋਂ ਚਾਰ ਕੁ ਮੀਲ ਉਤੇ ਹੀ ਸੀ ਤੇ ਉਹ ਥੋੜਾ ਥੋੜਾ ਬਲਿਹਾਰ ਨੂੰ ਜਾਣਦਾ ਵੀ ਸੀ ।

ਜਦੋਂ ਕਮਾਲਦੀਨ ਢਿਲਵੀਂ ਜਾ ਕੇ ਬਲਿਹਾਰ ਨੂੰ ਮਿਲਿਆ ਤਾਂ ਬਲਿਹਾਰ ਨੇ ਇਕ ਦਮ ਤਾੜ ਲਿਆ ਕਿ ਇਹ ਬਸ਼ੀਰਾਂ ਦਾ ਕੋਈ ਸੁਨੇਹਾ ਲੈ ਕੇ ਆ ਰਿਹਾ ਸੀ ਤੇ ਉਸ ਦੀਆਂ ਅੱਖਾਂ ਵਿਚ ਹੰਝੂ ਭਰ ਆਏ । ਫਿਰ ਜਦੋਂ ਉਸ ਨੇ ਆਪਣਾ ਥਾਂ ਪਤਾ ਦਸਿਆ ਤੇ ਇਹ ਵੀ ਦਸਿਆ ਕਿ ਬਸ਼ੀਰਾਂ ਮਲੇਰਕੋਟਲੇ ਆਈ ਹੋਈ ਸੀ ਤਾਂ ਬਲਿਹਾਰ ਦਾ ਜਾਣੋ ਕੜ ਹੀ ਟੁਟ ਗਿਆ ਤੇ ਉਹ ਬਚਿਆਂ ਵਾਕਰ ਰੋਣ ਲਗ ਪਿਆ ।

"ਬਲਿਹਾਰ ਸਿਆਹ, ਇਉਂ ਨਿਆਣਿਆਂ ਆਗੂੰ ਨਾ ਰੋ । ਅਸੀਂ ਹਾਲੇ ਛੇ ਮਹੀਨੇ ਮਲੇਰਕੋਟਲੇ ਰਹਿਣੈ । ਤੂੰ ਬਸ਼ੀਰਾਂ ਨੂੰ ਮਿਲ ਲਈਂ ਤੇ ਆਪਣੇ ਪੁੱਤਰ ਨੂੰ ਵੀ ਦੇਖ ਲਈਂ, ਭਾਵੇਂ ਆਪਣੇ ਕੋਲ ਹੀ ਲੈ ਆਈਂ । ਸੱਚ ਪੁਛ ਤਾਂ ਅਸੀਂ ਇਥੇ ਤੇਰਾ ਪੁੱਤ ਤੈਨੂੰ ਮਿਲੌਣ ਆਏ ਆਂ ।"

ਜਿਹੜੇ ਛੇ ਮਹੀਨੇ ਦੀ ਮੁਹਲਤ ਲੈ ਕੇ ਕਮਾਲਦੀਨ ਤੇ ਬਸ਼ੀਰਾਂ ਮਲੇਰਕੋਟਲੇ ਆਏ ਸਨ, ਉਹ ਉਨ੍ਹਾਂ ਨੇ ਮਲੇਰਕੋਟਲੇ ਨਾਲੋਂ ਵਧੇਰੇ ਢਿਲਵਾਂ ਵਿਚ ਗੁਜ਼ਾਰੇ । ਕਮਾਲਦੀਨ ਤੇ ਬਲਿਹਾਰ ੧੯੪੭ ਤੋਂ ਪਹਿਲਾਂ ਇਕ ਦੂਜੇ ਨੂੰ ਥੋੜਾ ਥੋੜਾ ਜਾਣਦੇ ਸਨ ਕਿਉਂਕਿ ਕਮਾਲਦੀਨ ਦਾ ਬਸ਼ੀਰਾਂ ਦੇ ਘਰ ਆਉਣ ਜਾਣ ਸੀ । ਅਸਲ ਵਿਚ ਕਮਾਲਦੀਨ ਦੀ ਅੱਖ ਉਸ ਸਮੇਂ ਹੀ ਬਸ਼ੀਰਾਂ ਉਤੇ ਸੀ । ਪਰ ਬਸ਼ੀਰਾਂ ਦੀ ਮਾਂ ਆਪਣੀ ਧੀ ਦਾ ਸਾਕ ਦੇਣ ਵਿਚ ਐਵੇਂ ਹੀ ਢਿਲ ਕਰੀ ਜਾ ਰਹੀ ਸੀ ਤੇ ਜਦੋਂ ਪਾਕਿਸਤਾਨ ਵਿਚ ਕਮਾਲਦੀਨ ਨਾਲ ਬਸ਼ੀਰਾਂ ਦਾ ਨਿਕਾਹ ਹੋਇਆ ਤਾਂ ਇਸ ਪਿਛੇ ਕਮਾਲਦੀਨ ਦਾ ਬਸ਼ੀਰਾਂ ਨਾਲ ਪੁਰਾਣਾ ਚੁਪ ਜਿਹਾ ਮੋਹ ਵੀ ਕੰਮ ਕਰਦਾ ਸੀ ।



Sri Satguru Jagjit Singh Ji eLibrary NamdhariElibrary@gmail.com

ਹੁਣ ਕਮਾਲਦੀਨ ਤੇ ਬਲਿਹਾਰ ਸਿੰਘ ਵਧੇਰੇ ਗੂੜ੍ਹੇ ਦੋਸਤ ਬਣ ਗਏ । ਦੋਵੇਂ ਇਕਠੇ ਸ਼ਰਾਬ ਪੀਂਦੇ ਤੇ ਇਕੱਠੇ ਖਾਂਦੇ । ਨਾ ਕਮਾਲਦੀਨ ਨੂੰ ਤੇ ਨਾ ਬਲਿਹਾਰ ਸਿੰਘ ਨੂੰ ਇਸ ਖਾਣ ਪੀਣ ਬਾਰੇ ਕੋਈ ਝਿਜਕ ਸੀ ।

"ਮੈਂ ਤਾਂ ਕਹਿਨੈ, ਕਮਾਲਦੀਨਾ, ਤੂੰ ਬਸ਼ੀਰਾਂ ਤੇ ਕਾਕੇ ਨੂੰ ਏਥੇ ਮੇਰੇ ਕੋਲ ਈ ਛੱਡ ਜਾ", ਬਲਿਹਾਰ ਸਿੰਘ ਨੇ ਇਕ ਦਿਨ ਹਾਸੇ ਹਾਸੇ ਵਿਚ ਕਹਿ ਦਿਤਾ ।

"ਬਸ਼ੀਰਾਂ ਬਾਰੇ ਤਾਂ ਬਲਿਹਾਰ ਸਿਆਂਹ, ਤੂੰ ਸੋਚ ਨਾ । ਉਹ ਸਮਾਂ ਹੋਰ ਸੀ ਜਦੋਂ ਉਹ ਢਹੇ ਚੜ੍ਹ ਗਈ ਸੀ । ਅਸਲ ਤਾਂ ਉਹਦਾ ਪਿਆਰ ਮੇਰੇ ਨਾਲ ਸੀ ਤੇ ਜੇ ਸਮੇਂ ਦੀ ਚਾਲ ਠੀਕ ਰਹਿੰਦੀ ਤਾਂ ਉਹ ਦਾ ਨਿਕਾਹ ਮੇਰੇ ਨਾਲ ਈ ਹੋਣਾ ਸੀ । ਤੂੰ ਮੇਰੀ ਅਮਾਨਤ ਵਿਚ ਖਿਆਨਤ ਕੀਤੀ ਸੀ । ਪਰ ਕਿਸਮਤ ਨੇ ਮੇਰੀ ਚੀਜ਼ ਮੇਰੇ ਕੋਲੋਂ ਵਾਪਸ ਭੇਜ ਦਿਤੀ", ਕਮਾਲਦੀਨ ਨੇ ਚਾਵੜ ਨਾਲ ਉੱਤਰ ਦਿਤਾ ।

"ਤਾਂ ਤੂੰ ਆਪਣੀ ਅਮਾਨਤ ਉਤੇ ਮੈਥੋਂ ਵਿਆਜ ਵੀ ਲੈਨੇ ? ਪਰ ਮੁਸਲਮਾਨ ਨੂੰ ਵਿਆਜ ਲੈਣਾ ਹਰਾਮ ਐ", ਬਲਿਹਾਰ ਸਿੰਘ ਨੇ ਬੜੀ ਚਤੁਰ ਚਾਲ ਖੇਡੀ ।

"ਨਹੀਂ, ਵਿਆਜ ਨਹੀਂ ਲੈਂਦਾ ਏਸੇ ਕਰਕੇ ਤਾ ਤੇਰਾ ਮੁੰਡਾ ਤੈਨੂੰ ਮੋੜ ਕੇ ਦੇਣ ਆਂਇਐ", ਕਮਾਲਦੀਨ ਬੋਲਿਆ ।

"ਕਮਾਲਦੀਨ ਸੱਚੀਂ ਤੈਨੂੰ ਉਸ ਮੁੰਡੇ ਦਾ ਕੋਈ ਪਿਆਰ ਨਹੀਂ ਆਉਂਦਾ ? ਬਲਿਹਾਰ ਸਿੰਘ ਨੇ ਮੋੜ ਕੇ ਪੁਛਿਆ ।

"ਸੱਚ ਪੁੱਛੇਂ ਤਾਂ ਮੈਂ ਉਹਨੂੰ ਸਦਾ ਤੇਰਾ ਪੁੱਤ ਸਮਝਿਐ ਤੇ ਉਸ ਦੇ ਨਾਲ ਪਿਆਰ ਨਹੀਂ ਪਾਇਆ", ਕਮਾਲਦੀਨ ਨੇ ਸਾਫ ਕਹਿ ਦਿਤਾ ।

"ਪਰ ਬਸ਼ੀਰਾਂ ਦਾ ਕੀ ਕਰੀਏ ? ਇਹ ਮੁੰਡਾ ਬਸ਼ੀਰਾਂ ਦਾ ਹੇਰਵਾ ਕਰੂ ਜੇ ਤਾਂ ਬਸ਼ੀਰਾਂ ਨੂੰ ਏਥੇ ਛੱਡ ਕੇ ਨਾ ਗਿਆ ? ਮੈਂ ਤਾਂ ਕਹਿੰਨਾ ਸਾਲ ਖੰਡ ਲਈ ਬਸ਼ੀਰਾਂ ਨੂੰ ਏਥੇ ਛੱਡ ਜਾ, ਓਨੇ ਚਿਰ 'ਚ ਇਹ ਮੁੰਡਾ ਆਪਣੀ ਦਾਦੀ ਨਾਲ ਪਰਚ ਜਾਊ ?" ਬਲਿਹਾਰ ਸਿੰਘ ਨੇ ਫਿਰ ਕਮੰਦ ਸਿੱਟੀ ।

"ਬਸ਼ੀਰਾਂ ਵਲੋਂ ਤਾਂ ਤੂੰ ਮੂੰਹ ਧੋਇ ਆ ਛਪੜੀ 'ਚ", ਕਮਾਲਦੀਨ ਨੇ ਫਿਰ ਚਾਵੜ ਨਾਲ ਉਹੀ ਉੱਤਰ ਦਿਤਾ ।

"ਚੰਗੀ ਬਈ, ਕਹਿੰਦੇ ਹੁੰਦੇ ਐ : ਝੂਠੇ ਦਾਵੇ ਮਿੱਤਰਾਂ ਦੇ, ਲੈ ਜਾਣਗੇ ਜਿਨ੍ਹਾਂ ਨੇ ਦਮ ਖਰਚੇ", ਬਲਿਹਾਰ ਸਿੰਘ ਨੇ ਹਾਰ ਮੰਨ ਲਈ ।

"ਏਵੇਂ ਈ ਸਮਝ ਲੈ, ਭਮਾਂ ਸਾਡੇ ਗਰੀਬਾਂ ਕੋਲ ਦੰਮ ਦੁਮ ਤਾਂ ਕੋਈ ਨਹੀਂ ਖਰਚਣ ਨੂੰ", ਕਮਾਲਦੀਨ ਨੇ ਨਰਮ ਹੋ ਕੇ ਉੱਤਰ ਦਿਤਾ ।

ਜਿਸ ਦਿਨ ਬਸ਼ੀਰਾਂ ਤੇ ਕਮਾਲਦੀਨ ਢਿਲਵਾਂ ਤੋਂ ਵਿਦਾ ਹੋ ਕੇ ਚੱਲੇ ਤਾਂ ਮੁੰਡੇ ਨੂੰ ਉਨ੍ਹਾਂ ਨੇ ਪਹਿਲਾਂ ਈ ਬਲਿਹਾਰ ਦੀ ਛੋਟੀ ਭੈਣ ਨਾਲ ਕਿਧਰੇ ਤੋਰ ਦਿਤਾ ।

ਬਸ਼ੀਰਾਂ ਫਿਰ ਵੀ ਮਾਂ ਸੀ । ਉਸ ਦਾ ਤੁਰਨ ਲਗੀ ਦਾ ਮਨ ਭਰ ਆਇਆ ਤੇ ਉਹ ਕਹਿਣ ਲਗੀ, "ਮੈਨੂੰ ਮੇਰਾ ਮੁੰਡਾ ਜਾਣ ਲਗੀ ਨੂੰ ਤਾਂ ਮਿਲਾ ਦਿਓ ।"

"ਚਲ ਛੱਡ ਖਹਿੜਾ", ਕਮਾਲਦੀਨ ਨੇ ਨਿਰਦਈ ਜਿਹਾ ਹੋ ਕੇ ਕਹਿ ਦਿਤਾ, "ਤੂੰ ਫੇਰ ਹੋਰ ਰੋਵੇਂਗੀ ।'

"ਤੂੰ ਹੋਰ ਵਿਆਹ ਕਰਵਾ ਲਵੇਂਗਾ, ਬਲਿਹਾਰ...ਤੇ ਮੇਰਾ ਮੁੰਡਾ ਮਤੇਈ ਦੇ ਹੱਥਾਂ ਵਿਚ ਦੇ ਦੇਵੇਂਗਾ", ਬਸ਼ੀਰਾਂ ਨੇ ਹੁਣ ਆਪਣਾ ਪੈਂਤੜਾ ਬਦਲ ਲਿਆ ਸੀ ਹੁਣ ਉਸ ਨੂੰ ਉਹ ਮੁੰਡਾ ਬਲਿਹਾਰ ਦਾ ਨਹੀਂ ਆਪਣਾ ਲਗਦਾ ਸੀ ।

"ਬਲਵੀਰਾਂ, ਤੂੰ ਖਾਤਰ ਜਮਾ ਰਖ ਬਲਿਹਾਰ, ਹੁਣ ਹੋਰ ਵਿਆਹ ਨਹੀਂ ਕਰਾਊ, ਤੂੰ ਚਿੱਠੀ-ਚਪੱਠੀ ਲਿਖ ਭੇਜਿਆ ਕਰੀਂ ਮੈਂ ਉਸ ਦੇ ਨਾਲ ਸਬਰ ਕਰ ਲਿਆ ਕਰੂੰ", ਇਹ ਕਹਿੰਦੇ ਬਲਿਹਾਰ ਦੀਆਂ ਅੱਖਾਂ ਵਿਚ ਹੰਝੂ ਭਰ ਆਏ ।

"ਹਾਏ ! ਮੈਂ ਮਰਜਾਂ..." ਕਹਿਕੇ ਬਸ਼ੀਰਾਂ ਬਲਿਹਾਰ ਨੂੰ ਚੰਬੜ ਗਈ । ਕਿਸਮਤ ਨੇ ਕਿਡੇ ਔਖੇ ਪੇਚ ਪਾ ਦਿਤੇ ।

"ਦੇਖ ਬਸ਼ੀਰਾਂ, ਤੂੰ ਜਿਗਰਾ ਕਰ । ਮੇਰਾ ਹੌਸਲਾ ਦੇਖ ਮੈਂ ਤੈਨੂੰ ਘਟ ਪਿਆਰ ਤਾਂ ਨਹੀਂ ਕਰਦਾ । ਪਰ ਮੁੰਡੇ ਦੀ ਖਾਤਰ ਈ ਮੈਂ ਇਹ ਸਾਰਾ ਕੁਸ਼ ਕੀਤੈ । ਤੇਰਾ ਮੁੰਡਾ ਏਥੇ ਜ਼ਮੀਨ ਦਾ ਹਿੱਸੇਦਾਰ ਬਣੂ, ਓਥੇ ਕੀ ਉਹਦੀ ਜਗੀਰ ਲੱਗ ਜਾਣੀ ਐ !"

"ਹਿਸੇਦਾਰ ਨਾ ਕਹਿ, ਕਮਾਲਦੀਨਾ, ਤੇਰਾਂ ਕਿੱਲਿਆਂ ਦਾ ਮਾਲਕ । ਮੈਂ ਆਪਣਾ ਬਚਨ ਨਿਭਾਊਂ", ਬਲਿਹਾਰ ਸਿੰਘ ਨੇ ਦ੍ਰਿੜ ਹੋ ਕੇ ਆਖਿਆ ।

ਪਿੰਡ ਤੋਂ ਬਾਹਰ ਇਕ ਮੀਲ ਤਕ ਬਲਿਹਾਰ ਤੇ ਉਸ ਦੀ ਮਾਂ ਬਸ਼ੀਰਾਂ ਤੇ ਕਮਾਲਦੀਨ ਨੂੰ ਛਡਣ ਆਏ । "ਮੈਂ ਤੁਹਾਨੂੰ ਮਲੇਰਕੋਟਲੇ ਤਕ ਹੀ ਨਾ ਛਡਿ ਆਵਾਂ" ਬਲਿਹਾਰ ਨੇ ਆਪਣੀ ਲਾਲਸਾ ਪ੍ਰਗਟ ਕੀਤੀ ।

"ਵੇ ਪੁੱਤ, ਤੂੰ ਹੁਣ ਬਹੁਤਾ ਹੇਰਵਾ ਨਾ ਕਰ । ਏਸ ਸ਼ੇਰ ਦੀ ਬੱਚੀ ਦਾ ਜਿਗਰ ਦੇਖ । ਇਹਨੇ ਕਿਵੇਂ ਤੇਰੇ ਨਾਲ ਧਰਮ ਪਾਲਿਆ । ਹੁਣ ਤੂੰ ਏਨ੍ਹਾਂ ਨੂੰ ਵਿਦਾ ਕਰ" ਬਲਿਹਾਰ ਦੀ ਮਾਂ ਨੇ ਕਰੜੀ ਹੋ ਕੇ ਕਹਿ ਤਾਂ ਦਿਤਾ ਪਰ ਉਸ ਦੀਆਂ ਅੱਖਾਂ ਵਿਚ ਵੀ ਹੰਝੂ ਸਨ ਤੇ ਉਹ ਡੁਸਕ ਰਹੀ ਸੀ । ਬਸ਼ੀਰਾਂ ਵੀ ਵਿਛੜਨ ਲਗੀ ਉਸ ਦੇ ਗਲ ਲਗ ਕੇ ਖ਼ੂਬ ਰੋਈ । ਕਮਾਲੇ ਨੇ ਬਲਿਹਾਰ ਨਾਲ ਕੇਵਲ ਘੁਟ ਕੇ ਹੱਥ ਹੀ ਮਿਲਾਇਆ ।

(੮)



Sri Satguru Jagjit Singh Ji eLibrary NamdhariElibrary@gmail.com

# ਅਨੰਦ ਕਾਰਜ ਰੀਤ ਅਤੇ ਨਾਮਧਾਰੀ

—ਜਗਦੀਸ਼ ਸਿੰਘ

ਵਿਆਹ ਦੋ ਤਕਦੀਰਾਂ ਦਾ ਸੰਜੋਗ ਹੈ
ਇਹ ਭੂਤ ਤੇ ਭਵਿਖ ਦਾ ਸੰਜੋਗ ਹੈ
ਬੀਤੀਆਂ ਸਦੀਆਂ ਦਾ ਆਉਣ ਵਾਲੀਆਂ
ਸਦੀਆਂ ਨਾਲ ਗੰਢ ਚਤਰਾਵਾ ਹੈ।

ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਵਾਲਿਆਂ ਦਾ ਉਪ੍ਰੋਕਤ ਕਥਨ ਕਿੰਨਾ ਸਾਰਥਕ ਹੈ। ਸਚਮੁਚ ਹੀ ਵਿਆਹਵਾਂ ਨੇ ਦੁਨੀਆਂ ਦੇ ਇਤਿਹਾਸ ਦੇ ਨਕਸ਼ੇ ਵੀ ਬਦਲੇ ਹਨ ਕੌਮਾਂ ਦੀਆਂ ਤਕਦੀਰਾਂ ਵੀ ਬਦਲੀਆਂ ਹਨ। ਸਾਹਿਤ ਸੰਸਕ੍ਰਿਤੀ ਗਿਆਨ ਅਤੇ ਫਲਸਫੇ ਇਸ ਦੇ ਆਲੇ ਦੁਆਲੇ ਪ੍ਰਕਰਮਾ ਕਰਦੇ ਰਹੇ ਹਨ। ਇਹ ਸਮਾਂ ਖੁਸ਼ੀਆਂ ਦਾ ਸਮਾਂ ਹੁੰਦਾ ਹੈ ਅਤੇ ਸ਼ਾਦੀ ਦਾ ਅਰਥ ਵੀ ਖੁਸ਼ੀ ਅਤੇ ਅਨੰਦ ਹੀ ਹੈ।

ਪਰ ਹਾਲਾਤ ਦੀ ਸਿਤਮ-ਜ਼ਰੀਫੀ ਇਹ ਹੈ ਕਿ ਜੇ ਪਿਛਲੇ ਸਮਿਆਂ ਦਾ ਇਤਿਹਾਸ ਵੇਖੋ ਤਾਂ ਇਹ ਵਿਆਹ ਕਾਰਜ ਸਮਾਜ ਦੀਆਂ ਕਮਜ਼ੋਰੀਆਂ, ਅਨੇਕਾਂ ਕੁਰੀਤੀਆਂ ਅਤੇ ਬਹੁਤੇ ਲੋਕਾਂ ਦੀ ਅਧੋਗਤੀ ਦਾ ਕਾਰਨ ਵੀ ਬਣਿਆ ਰਿਹਾ ਹੈ। ਇਸ ਪਵਿਤਰ ਕਾਰਜ ਨਾਲ ਏਨਾ ਕੁਝ ਗਲਤ ਜੁੜ ਗਿਆ ਹੋਇਆ ਕਿ ਵਿਆਹ ਸੰਜੋਗ ਦੀ ਥਾਂ ਵਿਜੋਗ ਦਾ ਕਾਰਨ ਬਣਿਆ ਰਿਹਾ ਹੈ। ਇਸ ਨੂੰ ਵਿਜੋਗ ਬਨਾਉਣ ਵਾਲੀਆਂ ਗੱਲਾਂ ਵਿਚ ਅਨੇਕਾਂ ਹੀ ਪ੍ਰਕਾਰ ਦੀਆਂ ਰਸਮਾਂ ਅਤੇ ਬੰਧਨ ਸ਼ਾਮਲ ਹਨ। ਪਰ ਸਭ ਤੋਂ ਵਡੀ ਲਾਅਨਤ ਦਾਜ ਦਹੇਜ ਦੀ ਪ੍ਰਥਾ ਰਹੀ ਹੈ, ਜਿਸਨੇ ਭਾਰਤੀ ਸਮਾਜ ਨੂੰ ਅੰਦਰੋਂ ਅੰਦਰੀ ਖੋਖਲਾ ਕੀਤਾ ਹੋਇਆ ਹੈ। ਜੇ ਵਿਆਹਾਂ ਨਾਲ ਸਬੰਧਤ ਇਹ 'ਪਾਪ' ਖਤਮ ਹੋ ਜਾਣ ਤਾਂ ਸਮਾਜ ਅਨੇਕ ਪਰਕਾਰ ਦੇ ਭ੍ਰਿਸ਼ਟਾਚਾਰ ਤੋਂ ਮੁਕਤ ਹੋ ਸਕਦਾ ਹੈ।

ਵਿਆਹਾਂ ਸਬੰਧੀ ਇਹਨਾਂ ਘੋਰ ਪਾਪਾਂ ਨੇ ਇਸਤਰੀ ਜਾਤੀ ਨੂੰ ਨਰਕਾਂ ਵਿਚ ਪਾਈ ਰਖਿਆ। ਸਦੀਆਂ ਦੇ ਜ਼ੁਲਮ ਇਸ ਨੇ ਸਹਾਰੇ ਹਨ। ਹਿੰਦੀ ਕਵੀ ਮੈਥਲੀ ਸ਼ਰਣ ਗੁਪਤ ਨੇ ਇਸਤਰੀ ਦੀ ਦਸ਼ਾ ਦੀ ਤਸਵੀਰ ਇਕੋ ਸ਼ਿਅਰ ਵਿਚ ਖਿਚੀ ਹੈ।

ਅਬਲਾ ਜੀਵਨ ਹਾਇ ਤੁਮਾਰੀ ਯਹੀ ਕਹਾਨੀ
ਆਚਲ ਮੇਂ ਹੈ ਦੂਧ ਔਰ ਆਖੋਂ ਮੇਂ ਪਾਨੀ

ਇਸਤ੍ਰੀ ਜਾਤੀ ਦੇ ਸੰਤਾਪ ਦੀ ਕਹਾਣੀ ਬਹੁਤ ਦਰਦਨਾਕ ਹੈ ਅਤੇ ਵਖਰੇ ਮਜ਼ਮੂਨ ਦੀ ਲਖਾਇਕ ਹੈ। ਇਸਤਰੀ ਮੁਕਤੀ ਅੰਦੋਲਨ ਸੰਸਾਰ ਵਿਆਪੀ ਹੋ ਚੁਕਾ ਹੈ। ੧੯੭੫ ਤੋਂ ੧੯੮੫ ਤਕ ਦੇ ਦਸ ਵਰ੍ਹੇ ਯੂ.ਐਨ.ਓ ਨੇ ਉਂਜ ਇਸਤਰੀਆਂ ਨੂੰ ਸਮਰਪਤ ਕੀਤੇ ਸਨ। ਜੁਲਾਈ ੧੯੮੫ ਵਿਚ ਕੀਨੀਆ ਦੀ ਰਾਜਧਾਨੀ ਨੈਰੋਬੀ ਵਿਚ ਸਾਰੇ ਸੰਸਾਰ ਇਸਤਰੀਆਂ ਦੀ ਇਕ ਮਹਾਨ ਕਾਨਫਰੰਸ ਹੋਈ ਜਿਸ ਵਿਚ ਸਾਰੀ ਦੁਨੀਆਂ ਤੋਂ ਹਜ਼ਾਰਾਂ ਇਸਤਰੀ ਡੈਲੀਗੇਟ ਪੁਜੀਆਂ। ਇਹਨਾਂ ਵਿਚ ਰਾਜਨੀਤਗ, ਲੇਖਕ, ਸਾਇੰਸਦਾਨ ਅਤੇ ਸਮਾਜ ਸੇਵੀ ਇਸਤਰੀਆਂ ਦੀਆਂ ਲੀਡਰ ਸ਼ਾਮਲ ਸਨ। ਹੋਰ ਵੀ ਪ੍ਰਮੁਖ ਇਸਤ੍ਰੀ ਸੰਮੇਲਨ ਹੁੰਦੇ ਰਹਿੰਦੇ ਹਨ। ਸਾਰੇ ਦੇਸ਼ਾਂ ਵਿਚ ਇਸਤ੍ਰੀਆਂ ਦੀ ਦਸ਼ਾ ਨੂੰ ਅਤੇ ਖਾਸ ਕਰਕੇ ਵਿਆਹਾਂ ਨਾਲ ਸੰਬੰਧਤ ਕੁਰੀਤੀਆਂ ਨੂੰ ਸੁਧਾਰਨ ਵਾਸਤੇ ਸਭਾ ਸੁਸਾਇਟੀਆਂ ਵੀ ਬਣੀਆਂ ਹੋਈਆਂ ਹਨ ਅਤੇ ਸਾਡੇ ਆਪਣੇ ਦੇਸ਼ ਭਾਰਤ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਉਤੇ ਵੀ ਲੰਮਾ ਸਮਾਂ ਇਕ ਇਸਤਰੀ ਨੇ ਰਾਜ ਵੀ ਕੀਤਾ ਹੈ, ਅਜ ਪਾਰਲੀਮੈਂਟ ਵਿਚ ੩੩ ਫੀ ਸਦੀ ਸੀਟਾਂ ਇਸਤਰੀਆਂ ਲਈ ਰਾਖਵੀਆਂ ਕਰਨ ਦੀਆਂ ਗਲਾਂ ਹੋ ਰਹੀਆਂ ਹਨ ਪਰ ਇਸ ਸਾਰੇ ਥਾਸੇ ਦੇ ਬਾਵਜੂਦ ਭਾਰਤ ਦੀ ਇਸਤ੍ਰੀ ਕੀ ਹਾਲਤ ਹੈ? ਘਟ ਦਾਜ ਲਿਆਉਣ ਦੇ ਦੋਸ਼ ਵਿਚ ਸਾੜ ਵਾਲੀਆਂ ਬੇ-ਕਸੂਰ ਔਰਤਾਂ ਦੀ ਸੂਚੀ ਨਾਲ ਭਰੇ ਅਖਬਾਰਾਂ ਦੇ ਕਾਲਮ ਜ਼ੁਲਮ ਦੀ ਇਕ ਲੰਮੀ ਦਾਸਤਾਨ ਦਸਦੇ ਹਨ।

ਭਾਰਤ ਵਿਚ ਸੰਨ ੧੯੬੧ ਵਿਚ ਇਕ ਦਾਜ ਵਿਰੋਧੀ ਕਾਨੂੰਨ ਬਣਿਆ ਉਸ ਦਾ ਕੋਈ ਅਸਰ ਨਾ ਹੋਇਆ। ਫੇਰ ਵੀਹਾਂ ਕੁ ਸਾਲਾਂ ਬਾਅਦ ਕੇਂਦਰੀ ਸਰਕਾਰ ਨੇ ਸਾਰੀਆਂ ਪਾਰਟੀਆਂ ਦੇ ਪਾਰਲੀਮੈਂਟ ਮੈਂਬਰਾਂ ਦੀ ਇਕ ਕਮੇਟੀ ਬਣਾਈ, ਜਿਸਨੇ ਆਪਣੀ ਰਿਪੋਰਟ ੧੯੮੨ ਵਿਚ ਪੇਸ਼ ਕੀਤੀ ਅਤੇ ਇਸ ਦੇ ਆਧਾਰ ਤੇ ਸੰਨ ੧੯੮੪ ਵਿਚ ਦਾਜ ਵਿਰੋਧੀ ਸੰਸ਼ੋਧਤ ਬਿਲ ੧੯੮੪) ਹੋਂਦ ਵਿਚ ਆਇਆ।

ਪਰ ਇਸ ਕਾਨੂੰਨ ਦੀਆਂ ਵੀ ਲੋਕਾਂ ਨੇ ਧਜੀਆਂ ਉਡਾ ਦਿਤੀਆਂ ਹਨ ਅਤੇ ਨੂੰਹਾਂ ਸਾੜਨ ਦੇ ਪ੍ਰੋਗਰਾਮ ਵਿਚ ਕੋਈ ਤਬਦੀਲੀ ਨਹੀਂ ਆਈ।

ਰਾਜਸਥਾਨ ਦੀ ਹਾਈਕੋਰਟ ਨੇ ਪਿਛੇ ਜਿਹੇ ਸਤ ਕੇ ਇਹੋ ਜਿਹੇ ਦੋ ਕੇਸਾਂ ਵਿਚ ਇਹ ਨਿਰਨਾ ਦਿਤਾ ਕਿ ਦੋਸ਼ੀਆਂ ਨੂੰ ਖੁਲ੍ਹਿਆਮ ਲੋਕਾਂ ਦੇ ਸਾਹਮਣੇ ਫਾਂਸੀ ਤੇ ਟੰਗ ਦਿਤਾ ਜਾਵੇ। ਇਸ ਗੱਲ ਤੇ ਬਹੁਤ ਰੌਲਾ ਪਿਆ। ਹਾਈਕੋਰਟ ਵਲੋਂ ਖੁਲੇ ਆਮ ਫਾਂਸੀ ਦੇਣ ਦੇ ਫੈਸਲੇ ਨੂੰ ਤਾਂ ਸੁਪਰੀਮ ਕੋਰਟ ਨੇ ਰੋਕ ਦਿਤਾ, ਪਰ ਇਸ ਗੱਲ ਨੂੰ ਹਰ ਕੋਈ ਵੇਖ



Sri Satguru Jagjit Singh Ji eLibrary NamdhariElibrary@gmail.com

ਸਕਦਾ ਹੈ ਕਿ ਸਾਡਾ ਸਮਾਜ ਅਤੇ ਸਰਕਾਰ ਇਸ ਮਾਮਲੇ ਵਿਚ ਕਿੰਨਾ ਬੇਵਸ ਹੈ।

ਇਸ ਸਾਰੇ ਪਰਸੰਗ ਦੇ ਸੰਦਰਭ ਵਿਚ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਏ ਇਸਤਰੀ ਮੁਕਤੀ ਅੰਦੋਲਨ ਅਤੇ ਅਨੰਦ ਕਾਰਜ ਰੀਤ ਦਾ ਆਰੰਭ ਅਤੇ ਇਸ ਪ੍ਰਸੰਗ ਵਿਚ ਉਦੋਂ ਤੋਂ ਲੈ ਕੇ ਅਜ ਤਕ ਕੀਤੇ ਗਏ ਜਤਨਾਂ ਅਤੇ ਇਹਨਾਂ ਦੀ ਸਫਲਤਾ ਨੂੰ ਵਿਚਾਰੀਏ ਤਾਂ ਸਤਿਗੁਰਾਂ ਦੇ ਪਰੋਪਕਾਰ ਅਗੇ ਸਿਰ ਝੁਕ ਜਾਂਦਾ ਹੈ।

ਸਤਿਗੁਰੂ ਸਾਹਿਬਾਨ ਦਾ ਕਰਤਵ 'ਦੁਸ਼ਟ ਸਭਨ ਕੋ ਮੂਲ ਉਪਾਰਨ' ਦਾ ਹੈ। ਸਾਧੂਆਂ ਸੰਤਾਂ ਨੂੰ ਉਭਾਰਨਾ ਹੈ। ਸਾਤਵਿਕ ਬ੍ਰਿਤੀਆਂ ਦਾ ਪ੍ਰਕਾਸ਼ ਕਰਵਾ ਅਤੇ ਦੁਸ਼ਟ ਬ੍ਰਿਤੀਆਂ ਦਾ ਨਾਸ ਕਰਨਾ ਹੈ। ਇਹ ਬ੍ਰਿਤੀਆਂ ਕਿਸੇ ਰਾਖਸ਼ ਦੇ ਰੂਪ 'ਚ ਹੋਣ ਕਿਸੇ ਦਸ ਸਿਰੇ ਰਾਵਨ ਦੇ ਰੂਪ ਵਿਚ ਹੋਣ ਕਿਸੇ ਕੰਸ ਜਾਂ ਔਰੰਗਜ਼ੇਬ ਦੇ ਰੂਪ ਵਿਚ ਹੋਣ, ਜਾਂ ਕਿਸੇ ਸਾਮਰਾਜ ਦੇ ਰੂਪ ਵਿਚ ਹੋਣ ਤਾਂ, ਜਾਂ ਫਿਰ ਕਿਸੇ ਵੀ ਰੀਤੀ ਰਿਵਾਜ ਦੇ ਰੂਪ ਵਿਚ ਹੋਣ ਇਹਨਾਂ ਨੂੰ ਖਤਮ ਕਰਨਾ ਗੁਰੂਆਂ ਦਾ ਕਾਰਜ ਹੈ ਅਤੇ ਉਹਨਾਂ ਬਗੈਰ ਕੋਈ ਹੋਰ ਇਹ ਕੰਮ ਕਰ ਵੀ ਨਹੀਂ ਸਕਦਾ। ਜਿਹੜੀ ਰੀਤੀ ਜਾਂ ਰਿਵਾਜ ਧਰਮ ਤੇ ਸੱਟ ਮਾਰਦੀ ਹੋਵੇ, ਝੂਠ ਬੇਈਮਾਨੀ ਚੋਰੀ ਅਤੇ ਭ੍ਰਿਸ਼ਟਾਚਾਰ ਦੀ ਜਨਮ ਦਾਤੀ ਹੋਵੇ ਉਸ ਰੀਤੀ ਰਿਵਾਜ ਨੂੰ ਸੋਧਣਾ ਸਾਫ ਤੇ ਪਾਕ ਕਰਨਾ ਸੰਤਾਂ ਨੂੰ ਉਭਾਰਨ ਦੀ ਕ੍ਰਿਆ ਹੈ ਅਤੇ ਇਹ ਸਤਿਗੁਰੂ ਪੁਰਖਾਂ ਦਾ ਕਰਤਵ ਹੀ ਹੈ।

ਇਸ ਸਮਾਜਕ ਬੁਰਿਆਈ ਦੇ ਪਾਪ ਵਿਰੁਧ ਪਹਿਲਾ ਸਾਰਥਕ ਹੱਲਾ ਸਤਿਗੁਰੂ ਰਾਮ ਸਿੰਘ ਜੀ ਨੇ ੨-੩ ਜੂਨ ੧੯੬੩ ਈ: ਨੂੰ ਪਿੰਡ ਖੋਟਿਆਂ ਵਿਚ ਕੀਤਾ। ਉਸ ਦਿਨ ਮਰਿਆਦਾ ਪਰਸ਼ੋਤਮ ਸਤਿਗੁਰੂ ਜੀ ਨੇ ਗੁਰਬਾਣੀ ਵਿਚ ਅੰਕਿਤ ਵਿਧਾਨ ਨੂੰ ਪਹਿਲੀ ਵਾਰ ਲਾਗੂ ਕੀਤਾ।

ਅਨੰਦ ਕਾਰਜ ਦੀ ਮਰਿਆਦਾ ਨੂੰ ਸਤਿਗੁਰੂ ਜੀ ਨੇ ਧੂਮ-ਧੜੱਕੇ ਨਾਲ ਸਥਾਪਤ ਕਰਕੇ ਇਕ ਨਵੇਂ ਇਨਕਲਾਬ ਦੀ ਨੀਂਹ ਧਰੀ।

ਇਹ ਕੇਵਲ ਰਸਮ ਬਦਲਣ ਦੀ ਰੀਤ ਹੀ ਨਹੀਂ ਸੀ ਸਗੋਂ ਬੁਨਿਆਦੀ ਤੌਰ ਉਤੇ ਅਨੰਦ ਕਾਰਜ ਦੇ ਸੰਕਲਪ ਨੂੰ ਹੀ ਤਬਦੀਲ ਕਰਨ ਅਤੇ ਗੁਰਬਾਣੀ ਅਨੁਸਾਰ ਕਰਨ ਦੀ ਗੱਲ ਸੀ।

ਅੱਜ ਕਲ੍ਹ ਇਹ ਗੱਲ ਸਾਬਤ ਕਰਨ ਵਾਸਤੇ ਕਿ ਅਨੰਦ ਕਾਰਜ ਦੀ ਮਰਿਆਦਾ ਬਹੁਤ ਪੁਰਾਣੀ ਹੈ ਜਾਂ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਦੀ ਹੈ, ਬਹੁਤ ਕੁਝ ਗਲਤ ਲਿਖਿਆ ਪੜ੍ਹਿਆ ਜਾ ਰਿਹਾ ਹੈ।

ਹੁਣ ਤਾਂ ਇਹ ਵੀ ਲਿਖਿਆ ਜਾ ਰਿਹਾ ਹੈ ਕਿ ਬੀਬੀ ਭਾਨੀ ਦਾ ਵਿਆਹ ਗੁਰੂ ਅਮਰਦਾਸ ਨੇ ਅਨੰਦ ਰੀਤੀ ਨਾਲ ਕੀਤਾ ਸੀ।

ਇਹ ਗੱਲ ਵੀ ਕਹੀ ਜਾ ਰਹੀ ਹੈ ਕਿ ਪਹਿਲਾ ਅਨੰਦ ਕਾਰਜ ਗੁਰੂ ਅਮਰਦਾਸ ਜੀ ਦੇ ਹੁਕਮ ਨਾਲ ਗੁਰੂ ਰਾਮਦਾਸ ਜੀ ਨੇ ਰੰਧਾਵਾ ਨਾਂ ਦੇ ਵਿਅਕਤੀ ਦੀ ਸਪੁਤਰੀ ਮਠੋ ਮੁਰਾਰੀ ਦਾ ਭਾਈ ਕਮਾਲੀਆ ਨਾਲ ਕੀਤਾ ਅਤੇ ਇਸ ਵਿਆਹ ਵਾਸਤੇ ਲਾਵਾਂ ਉਚਾਰਨ ਕੀਤੀਆਂ। ਇਕ ਹੋਰ ਰਵਾਇਤ ਕਾਇਮ ਕੀਤੀ ਜਾ ਰਹੀ ਹੈ ਕਿ ਝਬਾਲ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਪੁਤਰੀ ਬੀਬੀ ਵੀਰੋ ਦਾ ਅਨੰਦ ਕਾਰਜ ਇਸ ਰੀਤੀ ਨਾਲ ਹੋਇਆ।

ਇਸੇ ਤਰ੍ਹਾਂ ਬਹੁਤ ਸਾਰੀਆਂ ਗਲਾਂ ਤੇ ਪਰਸੰਗਾਂ ਦੀ ਲੜੀ ਤੋਂ ਬਾਦ ਅੰਤ ਉਤੇ ਅਨੰਦ ਕਾਰਜਾਂ ਦਾ ਸਾਰਾ ਸਿਹਰਾ ਸਿੰਘ ਸਭਾ ਦੇ ਮੱਥੇ 'ਤੇ ਬੰਨ੍ਹਿਆ ਜਾਂਦਾ ਹੈ ਅਤੇ ਨਾਮਧਾਰੀਆਂ ਬਾਰੇ ਏਨਾ ਕਹਿ ਕੇ ਸਾਰ ਲਿਆ ਜਾਂਦਾ ਹੈ ਕਿ ਉਹਨਾਂ ਨੇ ਮੁੜ ਹਿੰਦੂ ਰਸਮਾਂ ਸ਼ੁਰੂ ਕਰ ਦਿਤੀਆਂ।

ਉਪ੍ਰੋਕਤ ਸਾਰੀਆਂ ਗੱਲਾਂ ਇਹ ਸਿੱਧ ਕਰਨ ਵਾਸਤੇ ਬਣਾਈਆਂ ਹਨ ਕਿ ਅਨੰਦ ਕਾਰਜ ਤਾਂ ਤੀਜੇ ਪਾਤਸਾਹ ਤੋਂ ਸ਼ੁਰੂ ਹਨ। ਹੁਣ ਅਸੀਂ ਇਸ ਤੇ ਸੰਖੇਪ ਵਿਚਾਰ ਕਰਾਂਗੇ—

ਬੀਬੀ ਭਾਨੀ ਦੇ ਵਿਆਹ ਵੇਲੇ ਲਾਵਾਂ ਉਚਾਰਨ ਨਹੀਂ ਸਨ ਹੋਈਆਂ ਅਤੇ ਜਦੋਂ ਗੁਰੂ ਅਮਰਦਾਸ ਜੀ ਦੇ ਹੁਕਮ ਤੇ ਗੁਰੂ ਰਾਮਦਾਸ ਜੀ ਨੇ ਰੰਧਾਵਾ ਦੀ ਲੜਕੀ ਦਾ ਅਨੰਦ ਕਾਰਜ ਲਾਵਾਂ ਉਚਾਰਕੇ ਕੀਤਾ ਦਸਿਆ ਜਾਂਦਾ ਹੈ, ਤਾਂ ਉਸ ਸਮੇਂ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਨਹੀਂ ਸੀ ਮਿਲੀ ਤਾਂ ਉਹ ਨਾਨਕ ਪਦ ਦਾ ਪ੍ਰਯੋਗ ਕਿਵੇਂ ਕਰ ਸਕਦੇ ਸਨ। ਉਹ ਕਿਵੇਂ ਉਚਾਰ ਸਕਦੇ ਸਨ ਕਿ

ਜਨੁ ਕਹੈ ਨਾਨਕੁ ਲਾਵ ਪਹਿਲੀ
ਆਰੰਭੁ ਕਾਜੁ ਰਚਾਇਆ ॥

ਬੀਬੀ ਵੀਰੋ ਦੇ ਵਿਆਹ ਵੇਲੇ ਤੇ ਮੁਗਲਾਂ ਦਾ ਹਮਲਾ ਹੋ ਗਿਆ ਸੀ, ਉਸ ਵੇਲੇ ਅਨੰਦ ਕਾਰਜ ਦੀ ਰੀਤ ਤੋਂਰਨ



Sri Satguru Jagjit Singh Ji eLibrary NamdhariElibrary@gmail.com

ਦੀ ਗੱਲ ਹੀ ਵਿਅਰਥ ਹੈ।

ਜੇ ਅਨੰਦ ਕਾਰਜ ਦੀ ਰੀਤ ਪਹਿਲਾਂ ਤੋਂ ਚਾਲੂ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਤਕ ਕਿਸੇ ਗੁਰੂ ਵਿਅਕਤੀ ਦਾ ਆਪਣਾ ਵਿਆਹ ਇਸ ਰੀਤ ਨਾਲ ਕਿਉਂ ਨਾ ਹੋਇਆ ? ਸਗੋਂ ਗੁਰੂ ਸਾਹਿਬਾਨ ਦੇ ਵਿਆਹਾਂ ਤੇ ਕਾਫੀ ਸਜਧਜ ਵੀ ਹੁੰਦੀ ਰਹੀ ਹੈ।

ਗਿਆਨੀ ਗਿਆਨ ਸਿੰਘ ਆਪਣੇ ਗ੍ਰੰਥ ਭੁਪਿੰਦ੍ਰਨੰਦ ਦੇ ਪੰਨੇ ੩੦-੩੧ ਤੇ ਲਿਖਿਆ ਹੈ ਕਿ ਗੁਰੂ ਰਾਮ ਸਿੰਘ ਜੀ ਨੇ ਪਹਿਲਾਂ ਅਨੰਦ ਕਾਰਜ ਆਰੰਭ ਕੀਤੇ। ਉਹਨਾਂ ਨੂੰ ਵੇਖ ਕੇ ਹੋਰ ਸਿਖ ਅਨੰਦ ਕਾਰਜ ਪੜ੍ਹਾਵਣ ਲਗੇ।

ਸ੍ਰੀ ਰਾਮ ਸਿੰਘ ਕੂਕੇ ਪਹਿਲੇ
ਆਨੰਦ ਸੁਛੰਦ ਪੜ੍ਹਾਏ ਸਹਿਲੇ।
ਤਿੰਨਕੋ ਦੇਖ ਔਰ ਸਿਖ ਘਨੇ,
ਲਗੇ ਅਨੰਦ ਪੜ੍ਹਾਵਨ ਤਨੈ।

......ਤੇ ਜਦੋਂ ਸੱਚਮੁਚ ਹੀ ਅਨੰਦ ਕਾਰਜ ਰੀਤ ਦੀ ਸ਼ੁਰੂਆਤ ਹੋਈ ਤਾਂ ਇਕ ਸਮਾਜੀ ਧਮਾਕਾ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਗੱਜ-ਵੱਜਕੇ ਮਾਲਵੇ ਦੇ ਇਕ ਪਿੰਡ ਖੋਟਿਆਂ ਦੇ ਖੁਲ੍ਹੇ ਮੈਦਾਨ ਵਿਚ ਇਸ ਨਵੇਂ ਇਨਕਲਾਬ ਦਾ ਸ੍ਰੀਗਣੇਸ਼ ਕੀਤਾ। ਉਸ ਦਿਨ ਉਨ੍ਹਾਂ ਜ਼ਾਤ-ਬਰਾਦਰੀ ਦੇ ਬੰਧਨ ਤੋੜਕੇ ਛੇ ਅਨੰਦ ਕਾਰਜ ਕੀਤੇ। ਸਾਰੀਆਂ ਵਾਧੂ ਰੀਤਾਂ ਰਸਮਾਂ ਛਾਂਗ ਕੇ ਇਨ੍ਹਾਂ ਜੋੜਿਆਂ ਨੂੰ ਗ੍ਰਿਹਸਥ ਮਾਰਗ ਵਿਚ ਪਰਵੇਸ਼ ਕਰਵਾਇਆ—

(੧) ਮੁਠੱਡਿਆਂ ਜ਼ਿਲ੍ਹਾ ਜਲੰਧਰ ਦੇ ਭਾਈ ਫਤਹ ਸਿੰਘ ਦੇ ਸਪੁੱਤਰ ਸ੍ਰੀ ਬੀਰ ਸਿੰਘ ਦਾ ਅਨੰਦ ਕਾਰਜ ਬੀਬੀ ਬਿਸ਼ਨ ਕੌਰ ਸਪੁੱਤਰੀ ਭਾਈ ਜੋਗਾ ਸਿੰਘ ਧੁੜਕੋਟ (ਜ਼ਿਲਾ ਫਿਰੋਜ਼ਪੁਰ) ਨਾਲ।

(੨) ਖੋਟੇ ਪਿੰਡ ਦੇ ਮਸ਼ਹੂਰ ਸੂਬੇ ਬਾਬਾ ਸਮੁੰਦ ਸਿੰਘ ਦੀ ਸਪੁੱਤਰੀ ਪਿੰਡ ਫਰੀ (ਜ਼ਿਲ੍ਹਾ ਫਿਰੋਜ਼ਪੁਰ) ਵਿਚ ਵਿਆਹੀ ਗਈ।

(੩) ਸੰਤ ਬੁੱਧ ਸਿੰਘ ਦੀ ਸਪੁੱਤਰੀ ਪ੍ਰੇਮ ਕੌਰ ਧੁਲੇਤੇ (ਜ਼ਿਲ੍ਹਾ ਜਲੰਧਰ) ਵਿਆਹੀ ਗਈ।

(੪) ਸੰਤ ਫਤਹਿ ਸਿੰਘ ਦੀ ਪੁੱਤਰੀ ਦੇਸ ਕੌਰ ਨਿਹਾਲੇ ਵਾਲਾ ਵਿਆਹੀ ਗਈ।

(੫) ਸੰਤ ਕਾਲਾ ਸਿੰਘ ਦੀ ਪੁੱਤਰੀ ਪਿੰਡ ਦੌਧਰ (ਜ਼ਿਲ੍ਹਾ ਫਿਰੋਜ਼ਪੁਰ) ਵਿਆਹੀ ਗਈ।

(੬) ਭਾਈ ਸੁੰਦਰ ਸਿੰਘ ਦੀ ਸਪੁੱਤਰੀ ਪਿੰਡ ਉਬੋਕੇ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਵਿਆਹੀ।

ਇਸ ਨਾਲ ਅਨੰਦ ਕਾਰਜ ਰੀਤ ਦਾ ਮੁੱਢ ਬੱਝ ਚੁਕਾ ਸੀ। ਉਸ ਦਿਨ ਸਿੰਘਾਂ ਨੇ ਹੀ ਹਵਨ ਕੀਤਾ ਅਤੇ ਵੇਦੀ ਗੱਡੀ। ਸਿੰਘਾਂ ਨੇ ਹੀ ਅੰਮ੍ਰਿਤ ਤਿਆਰ ਕਰਵਾਕੇ ਵਰ-ਬਧੂਆਂ ਨੂੰ ਛਕਾਇਆ। ਕੋਈ ਲਾਗੀ ਭੰਡ ਡੂਮ ਨਕਲੀਆ ਬ੍ਰਾਹਮਣ ਇਸ ਕਾਰਜ ਵਿਚ ਸ਼ਾਮਲ ਨਾ ਕੀਤਾ, ਕਿਉਂਕਿ ਇਹ ਤਾਂ ਧਰਮ ਦ੍ਰਿੜਾਉਣ ਤੇ ਕਿਲਵਿਖ ਪਾਪ ਦੂਰ ਕਰਕੇ ਸਹਿਜ ਅਨੰਦ ਦੀ ਪ੍ਰਾਪਤੀ ਵਾਲਾ ਕਾਰਜ ਸੀ। ਇਹ ਤਾਂ ਸੰਤ-ਜਨਾਂ ਦਾ ਮੇਲ ਸੀ।

ਭਾਰਤੀ ਹਿੰਦੂ ਸਮਾਜ ਦੇ ਪੁਰਾਣੇ ਮੁਖੀਆਂ ਮੰਨੂ ਆਦਿ ਰਿਸ਼ੀਆਂ ਨੇ ਵਿਵਾਹਾਂ ਦੇ ਢੰਗਾਂ ਤਰੀਕਿਆਂ ਨੂੰ ਅੱਠਾਂ ਭਾਗਾਂ ਵਿਚ ਵਰਗੀਕਰਨ ਕੀਤਾ ਹੈ—

੧. ਵਰ ਨੂੰ ਘਰ ਬੁਲਾਕੇ ਗਹਿਣੇ ਅਤੇ ਬਸਤਰਾਂ ਸਹਿਤ ਕੰਨਿਆ ਅਰਪਨ ਕਰਨ ਨੂੰ 'ਬ੍ਰਹਮ ਵਿਵਾਹ' ਦੀ ਸੰਘਿਆ ਦਿਤੀ।

੨. ਯੱਗ ਕਰਾਉਣ ਵਾਲੇ ਰਿਤਿਵਜਾਂ ਨੂੰ ਕੰਨਿਆ ਦਾਨ ਦੇਣੀ 'ਦੇਵ ਵਿਵਾਹ' ਕਿਹਾ ਗਿਆ ਹੈ।

੩. ਵਰ ਤੋਂ ਦੋ ਬੈਲ ਲੈ ਕੇ ਉਨ੍ਹਾਂ ਦੇ ਵੱਟੇ ਵਿਚ ਕੰਨਿਆ ਵਿਆਹੁਣੀ। ਇਸ ਵਿਆਹ ਨੂੰ 'ਆਰਸ਼ ਵਿਵਾਹ' ਦਾ ਨਾਮ ਦਿਤਾ ਗਿਆ।

੪. ਚੌਥਾ ਹੈ 'ਪ੍ਰਾਜਾਪਤਯ ਵਿਵਾਹ'—ਇਸ ਅਨੁਸਾਰ ਲਾੜਾ ਅਤੇ ਲਾੜੀ ਸੰਤਾਨ ਉਤਪਤੀ ਲਈ ਪਰਸਪਰ ਮਰਜ਼ੀ ਨਾਲ ਸ਼ਾਦੀ ਕਰਦੇ ਹਨ। ਕਈਆਂ ਰਿਖੀਆਂ ਅਨੁਸਾਰ ਇਸ ਵਿਧੀ ਵਿਚ ਉਹ ਵਿਆਹ ਵੀ ਆ ਜਾਂਦੇ ਹਨ ਜੋ ਸਹੁਰੇ ਦੇ ਘਰ ਪੁੱਤਰ ਸੰਤਾਨ ਨਾ ਹੋਣ ਦੀ ਹਾਲਤ ਵਿਚ ਆਪਣੇ ਜਵਾਈ ਤੋਂ ਇਹ ਵਚਨ ਲੈ ਕੇ ਸ਼ਾਦੀ ਕੀਤੀ ਜਾਂਦੀ ਹੈ ਕਿ ਪੁੱਤਰੀ ਦੇ ਘਰ ਜੋ ਲੜਕਾ ਹੋਵੇਗਾ, ਉਸ ਨੂੰ ਬਾਪ ਮੁਤਬੰਨਾ ਬਣਾਵੇਗਾ।

੫. ਧਨ ਲੈ ਕੇ ਕੰਨਿਆ ਵਿਆਹੁਣ ਨੂੰ 'ਆਸੁਰ ਵਿਵਾਹ' ਕਿਹਾ ਜਾਂਦਾ ਹੈ।

੬. ਵਰ ਅਤੇ ਕੰਨਿਆ ਦਾ ਸ਼ਾਦੀ ਤੋਂ ਪਹਿਲਾਂ ਆਪਸ ਵਿਚ ਪ੍ਰੇਮ ਹੋਣ ਕਾਰਨ ਜੋ ਵਿਆਹ ਕੀਤਾ ਜਾਂਦਾ ਹੈ, ਉਸ ਨੂੰ 'ਗੰਧਰਵ ਵਿਆਹ' ਦੀ ਸੰਗਿਆ ਦਿਤੀ ਗਈ।



Sri Satguru Jagjit Singh Ji eLibrary NamdhariElibrary@gmail.com

੭. ਜੰਗ ਵਿਚ ਜਿੱਤ ਕੇ ਕੰਨਿਆ ਲੈ ਜਾਣੀ, ਇਸ ਨੂੰ 'ਰਾਕਸ਼ ਵਿਆਹ' ਕਿਹਾ ਗਿਆ ਹੈ।

੮. ਧੱਕੇ ਨਾਲ ਜ਼ੁਲਮ ਕਾਰਨ ਰੋਂਦੀ ਕੰਨਿਆ ਖੋਹ ਕੇ ਲੈ ਜਾਣ ਨੂੰ 'ਪੈਸ਼ਾਚ ਵਿਵਾਹ' ਕਿਹਾ ਗਿਆ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਅਨੰਦ ਵਿਆਹ ਦੀ ਜਿਹੜੀ ਰੀਤ ਤੋਰੀ, ਉਹ ਕੁਲ ਸੰਸਾਰ ਤੋਂ ਨਿਆਰੀ ਅਤੇ ਆਪਣੇ ਵਰਗੀ ਆਪ ਹੀ ਸੀ। ਇਹ ਇਕ ਰਸਮ ਦੇ ਪਾਤਰ ਬਦਲਣ ਦੀ ਗੱਲ ਨਹੀਂ ਸੀ। ਕੇਵਲ ਇਹ ਗੱਲ ਹੀ ਨਹੀਂ ਸੀ ਕਿ ਪ੍ਰੋਹਤਾਂ ਦੀ ਥਾਂ ਸਿੱਖ ਪ੍ਰੋਹਤ ਸਥਾਪਤ ਕਰਨੇ, ਵੇਦ-ਮੰਤਰਾਂ ਦੀ ਥਾਂ ਗੁਰਬਾਣੀ ਪੜ੍ਹਨੀ ਅਤੇ ਬ੍ਰਾਹਮਣੀ ਅਡੰਬਰਾਂ ਦੀ ਥਾਂ ਸਿੱਖ ਅਡੰਬਰਾਂ ਨੂੰ ਸਥਾਪਤ ਕਰਨਾ; ਸਗੋਂ ਸਤਿਗੁਰੂ ਜੀ ਦਾ ਕਾਰਜ-ਕ੍ਰਮ ਤਾਂ ਵਿਆਹ ਦੇ ਸੰਕਲਪ ਨੂੰ ਬੁਨਿਆਦ ਤੋਂ ਹੀ ਬਦਲਨਾ ਸੀ ਅਤੇ ਇਸ ਨੂੰ ਉੱਚੀ-ਸੁੱਚੀ ਸਾਤਵਿਕ ਅਤੇ ਰੂਹਾਨੀ ਪੱਧਰ ਤੇ ਪਹੁੰਚਾਣਾ ਸੀ। ਇਸ ਦੇ ਨਾਲ ਵੱਡਾ ਕੰਮ ਤਾਂ ਲੋਕਾਂ ਨੂੰ ਆਰਥਕ ਪਾਪ ਤੋਂ ਮੁਕਤ ਕਰਾਉਣਾ ਅਤੇ ਜੁਗਾਂ ਤੋਂ ਦੱਬੀ-ਕੁਚਲੀ ਇਸਤਰੀ ਜਾਤੀ ਦਾ ਕਲਿਆਣ ਕਰਨਾ ਸੀ।

ਸਤਿਗੁਰੂ ਜੀ ਦੇ ਉਪਦੇਸ਼ਾਂ ਵਿਚੋਂ ਇਹ ਗੱਲ ਸਾਫ਼ ਝਲਕਦੀ ਹੈ। ਆਪ ਦਾ ਫੁਰਮਾਨ ਹੈ—

### ਹੁਕਮਨਾਮੇ

—ਹੋਰ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ। ਵੱਟਾ ਨਹੀਂ ਕਰਨਾ।

—ਹੋਰ ਭਾਈ ਲੜਕੀਆਂ ਦੇ ਆਨੰਦ ਪੜ੍ਹਾਇ ਦੇਉ ਕੋਈ ਸਿੰਘ ਵੀ ਹੋਣ ਰਿਜਕ ਪਾਣੀ ਵੀ ਚੰਗਾ ਹੋਵੇ ਸਤਿਸੰਗੀ ਹੋਣ।......

—ਲੜਕੀ ਨਾ ਕਿਸੇ ਮਾਰਨੀ। ਨਾ ਕਿਸੇ ਵਟਾ ਕਰਨਾ। ਨਾ ਲੜਕੀ ਦੇ ਦੰਮ ਲੈਣੇ। ਜੇਹੜਾ ਲੜਕੀ ਮਾਰੇ, ਬੇਚੇ, ਵਟਾ ਕਰੇ, ਉਸ ਦੇ ਹਥ ਦਾ, ਘਰ ਦਾ ਅੰਨ ਪਾਣੀ ਨਹੀਂ ਵਰਤਣਾ। ਉਸ ਨੂੰ ਸੰਗਤ ਵਿਚ ਨਹੀਂ ਬੜਨ ਦੇਣਾ।

—ਹੁਣ ਇਉ ਕਰੋ ਅਠਾਰਾਂ ਬਰਸ ਦੀ ਲੜਕੀ ਦਾ ਅਨੰਦ ਪੜ੍ਹਣਾ ਘੱਟ ਨਹੀਂ ਪੜ੍ਹਣਾ ਛੋਟੀ ਹੈ। ਜੋ ਕੋਈ ਬਟਾ ਕਰੂਗਾ ਬਿਆਜ ਲਊਗਾ ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸ ਦੇ ਨਾਲ ਨਹੀਂ ਵਰਤਣਾ।

—ਖਾਲਸਾ ਜੋ ਲੜਕੀ ਮਾਰੇ ਯਾ ਵੇਚੇ, ਬਟਾ ਕਰੇ ਉਸ ਦੇ ਨਾਲ ਨਹੀਂ ਸੰਗਤ ਨੇ ਵਰਤਣਾ। ਨਾ ਉਸ ਦੇ ਘਰ ਜਾਣਾ। ਨਾ ਓਸ ਕੋ ਸੰਗਤ ਮੇਂ ਬੜਣ ਦੇਣਾ। ਨਾ ਉਸ ਦੇ ਹਥ ਦਾ ਜਲੁ ਪਾਨ ਕਰਨਾ। ਏਦੂ ਪਿਛੇ ਜੋ ਹੋਈ ਸੋ ਹੋਈ ਹੁਣਿ ਅਗੇ ਸਮਝ ਕੇ ਬਰਤਣਾ।

—ਸ਼ੇਰ ਸਿੰਘ ਨੂੰ ਤੇ ਹੁਣ ਦਸ ਬਰਸ ਹੋਇ ਗਏ ਸਾਕ ਕਰਨ ਨੂੰ ਆਧੇ ਨੂੰ ਹੁਣ ਜੇ ਇਸ ਦਾ ਸਾਕ ਛੱਡ ਕੇ ਨਿਹਾਲ ਸਿੰਘ ਦੀ ਕੁੜੀ ਦਾ ਸਾਕ ਲੈ ਲਿਆ ਤਾਂ ਸ਼ੇਰ ਸਿੰਘ ਬਹੁਤ ਅਫਸੋਸ ਕਰੇਗਾ। ਸ਼ੇਰ ਸਿੰਘ ਦੀ ਧੀ ਦਾ ਈ ਸਾਕ ਲੈ ਲਵੋ। ..ਲਾਰਾ ਦੇ ਕੇ ਜਬਾਬ ਦੇਣਾ ਬੜਾ ਦੋਸ਼ ਹੈ।

—ਇਕ ਹੋਰ ਬੀ ਬਾਤ ਸਭਨਾ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ ਨਾ ਬੇਚੇ ਨਾ ਬੱਟਾ ਕਰੇ ਜੋ ਇਹੁ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੇ ਨ ਬੜਣ ਦੇਣਾ, ਜੇ ਨਾ ਮੰਨੇ ਤਾਂ ਆਖਣਾ ਫੇਰ ਨਾ ਆਈ, ਨਾ ਹਟੇ ਜੁਤੀਆਂ ਮਾਰ ਕੇ ਕਢ ਦੇਣਾ ਕੁਛ ਕਰਦਾ ਫਿਰੇ।......

ਜਦੋਂ ਸਤਿਗੁਰੂ ਜੀ ਨੇ ਇਸ ਅਨੰਦ ਕਾਰਜ ਪ੍ਰਨਾਲੀ ਦਾ ਆਰੰਭ ਕੀਤਾ ਤਾਂ ਮੁਖਾਲਫਤ ਦਾ ਤੂਫਾਨ ਖੜਾ ਹੋ ਗਿਆ। ਪੁਰਾਣੀ ਰੀਤੀ ਦੇ ਸਮਰਥਕ ਬ੍ਰਾਹਮਣ ਅਤੇ ਲਾਗੀਆਂ ਨੇ ਵਾਰਨਿੰਗ ਦਿਤੀ ਜੇ ਨਵੀਂ ਰੀਤ ਨਾਲ ਵਿਆਹ ਹੋਏ ਅਸੀਂ ਅੱਗ ਵਿਚ ਸੜ ਕੇ ਮਰ ਜਾਵਾਂਗੇ। ਸਤਿਗੁਰਾਂ ਸਿੰਘਾਂ ਨੂੰ ਕਿਹਾ ਜਿਹੜਾ ਨਾ ਅੱਗ ਵਿਚ ਸੜੇ ਉਸ ਨੂੰ ਆਪ ਸਾੜ ਦਿਓ। ਇਹ ਚਾਰਾ ਨਾ ਚਲਦਾ ਵੇਖ ਬਾਘੇ ਪੁਰਾਣੇ ਦੇ ਥਾਣੇ ਵਿਚ ਇਹ ਰਿਪੋਰਟ ਲਿਖਵਾਈ ਗਈ—

"ਦੋ ਤਿੰਨ ਦਿਨ ਤੋਂ ਰਾਮ ਸਿੰਘ ਅਤੇ ਉਸ ਦੇ ੫੦੦ ਪੈਰੋਕਾਰ ਖੋਟੇ ਪਿੰਡ ਇਕੱਠੇ ਹੋਏ ਹਨ ਅਤੇ ਉਨ੍ਹਾਂ ਦੇ ਚਾਲੇ ਵਖਰੇ ਜਿਹੇ ਹੀ ਜਾਪਦੇ ਹਨ। ਉਹ ਸਰਕਾਰ ਵਿਰੁਧ ਗੱਲਾਂ ਕਰਦੇ ਹਨ, ਉਹ ਕਹਿੰਦੇ ਹਨ ਕਿ ਛੇਤੀ ਹੀ ਸਾਰਾ ਮੁਲਕ ਉਨ੍ਹਾਂ ਦਾ ਹੋ ਜਾਵੇਗਾ। ਉਨ੍ਹਾਂ ਪਿੱਛੇ ਸਵਾ ਲੱਖ ਆਦਮੀ ਹੋਵੇਗਾ। ਮਾਮਲੇ ਵਜੋਂ ਉਹ ਕਿਸਾਨਾਂ ਤੋਂ ਸਿਰਫ ਪੈਦਾਵਾਰ ਦਾ ਪੰਜਵਾਂ ਹਿਸਾ ਹੀ ਲਿਆ ਕਰਨਗੇ।"

ਬਾਘਾ ਪੁਰਾਣਾ ਦੇ ਪੁਲਿਸ ਸਾਰਜੈਂਟ ਅਤੇ ਫਿਰੋਜ਼ਪੁਰ ਦੇ ਏ. ਐਸ. ਪੀ. ਨੇ ਆਲੇ ਦੁਆਲੇ ਦੇ ਪਿੰਡਾਂ ਚੋਂ ਬਿਆਨ ਲਏ। ਫਿਰੋਜ਼ਪੁਰ ਦੇ ਐਸ. ਪੀ. ਪੁਲੀਸ ਲੈਫਟੀਨੈਂਟ ਹੈਮਿਲਟਨ ਨੇ ਰਿਪੋਰਟ ਤਿਆਰ ਕੀਤੀ। ਮਿਸਟਰ ਥੌਮਸ ਡਿਪਟੀ ਕਮਿਸ਼ਨਰ ਨੇ ਆਰਡਰ ਕੀਤੇ ਤੇ ਸਤਿਗੁਰੂ ਰਾਮ ਸਿੰਘ



Sri Satguru Jagjit Singh Ji eLibrary NamdhariElibrary@gmail.com

ਜੀ ਨੂੰ ਥਾਣਿਓਂ-ਥਾਣੀਂ ਸ੍ਰੀ ਭੈਣੀ ਸਾਹਿਬ ਪਹੁੰਚਾਇਆ ਗਿਆ। ਨਾਮਧਾਰੀਆਂ ਦੇ ਪਰਚਾਰ ਤੇ ਪਾਬੰਦੀ ਲਾ ਦਿਤੀ ਗਈ। ਇਕ ਮਹੀਨਾ ਸਤਿਗੁਰੂ ਜੀ ਨੂੰ ਲੁਧਿਆਣੇ ਦੇ ਡੀ. ਸੀ. ਦੀ ਕਚਹਿਰੀ ਵਿਚ ਹਾਜ਼ਰੀ ਭੇਜਣੀ ਪੈਂਦੀ ਰਹੀ।

ਪਰ ਅਨੰਦ ਵਿਆਹ ਦੀ ਰਸਮ ਤਾਂ ਇਹਨਾਂ ਰੁਕਾਵਟਾਂ ਦੇ ਬਾਵਜੂਦ ਵੀ ਲੋਕ-ਪ੍ਰਿਯ ਹੁੰਦੀ ਗਈ, ਸਗੋਂ ਜਿਨ੍ਹਾਂ ਨੇ ਪਹਿਲਾਂ ਪੁਰਾਣੇ ਢੰਗਾਂ ਅਨੁਸਾਰ ਵਿਆਹ ਕਰਵਾਏ ਸਨ ਉਹਨਾਂ ਮੁੜ ਨਵੀਂ ਰੀਤੀ ਅਨੁਸਾਰ ਅਨੰਦ ਕਰਵਾ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਲਈਆਂ। ਦੋ ਮਿਸਾਲਾਂ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੀ ਪੁਸਤਕ 'ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ' ਵਿਚੋਂ ਹਾਜ਼ਰ ਹਨ—

—ਸ. ਲਾਲ ਸਿੰਘ ਗੁਮਟੀ (ਰਿਆਸਤ ਸੰਗਰੂਰ) ਅਤੇ ਉਹਨਾਂ ਦੀ ਸੁਪਤਨੀ ਮਾਈ ਪ੍ਰਤਾਪ ਕੌਰ ਉਦੋਂ ੬੦ ਸਾਲ ਦੀ ਉਮਰ ਦਾ ਜੋੜਾ ਸਨ ਜਦੋਂ ਅਨੰਦ ਕਾਰਜਾਂ ਦੀ ਤਹਿਰੀਕ ਵੇਲੇ ਉਹਨਾਂ ਆਪਣਾ ਆਨੰਦ ਕਾਰਜ ਦੋਬਾਰਾ ਪੜ੍ਹਵਾਇਆ। ਇਕ ਤਕੜਾ ਮੇਲਾ ਕੀਤਾ......ਉਨ੍ਹਾਂ ਦੇ ਵੱਡੇ ਪੁਤਰ ਹਰੀ ਸਿੰਘ ਨੇ ਮਾਤਾ ਪਿਤਾ ਦੇ ਅਨੰਦ ਦੀਆਂ ਲਾਵਾਂ ਪੜ੍ਹੀਆਂ।

—ਰੁਪਾਣਾ (ਮੁਕਤਸਰ) ਦੇ ਭਾਈ ਵਜ਼ੀਰ ਸਿੰਘ ਨੇ ਦੁਬਾਰਾ ਆਪਣਾ ਵਿਆਹ ਅਨੰਦ ਕਾਰਜ ਰੀਤ ਅਨੁਸਾਰ ਕਰਵਾਇਆ।

ਇਸੇ ਤਰ੍ਹਾਂ ਵਿਧਵਾਵਾਂ ਦੇ ਵੀ ਅਨੰਦ ਕਾਰਜ ਕੀਤੇ ਗਏ।

ਵੀਹਵੀਂ ਸਦੀ ਤਕ ਵੀ ਨਾਮਧਾਰੀਆਂ ਨੂੰ ਛਡ ਬਹੁਤ ਲੋਕ ਪੁਰਾਣੀ ਰਸਮ ਅਨੁਸਾਰ ਹੀ ਵਿਆਹ ਕਰਦੇ ਰਹੇ, ਪਰ ਇਧਰ ਨਾਮਧਾਰੀ ਸਤਿਗੁਰੂ ਸਾਹਿਬਾਨ ਵਿਆਹ ਰੀਤਾਂ ਸਬੰਧੀ ਲਗਾਤਾਰ ਸੁਧਾਰ ਕਰਦੇ ਹੀ ਰਹੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਨੰਦ ਮਰਿਆਦਾ ਦੇ ਨਾਲ ਵਿਆਹ ਪ੍ਰਨਾਲੀ ਵਿਚ ਵਡੀਆਂ ਆਰਥਕ ਅਤੇ ਸਮਾਜਕ ਤਬਦੀਲੀਆਂ ਕੀਤੀਆਂ।

ਸੰਨ ੧੯੨੪ ਵਿਚ ਬਿਜਲੀਵਾਲ ਦੇ ਹੋਲੇ ਤੋਂ ਬਿਲਕੁਲ ਜੰਞ ਲਿਜਾਣ, ਮੇਲ ਸੱਦਣ, ਵਿਆਹਾਂ ਸਮੇਂ ਵਖਾਲੇ ਕਰਨ ਅਤੇ ਪੁਲਾਅ ਬਨਾਣ ਤੇ ਵੀ ਪਾਬੰਦੀਆਂ ਲਾਈਆਂ ਅਤੇ ਸਭ ਅਨੰਦ ਕਾਰਜ ਮੇਲਿਆਂ ਉਤੇ ਹੀ ਕਰਨ ਦੇ ਹੁਕਮ ਦਿਤੇ।

ਜਦੋਂ ਸਿਖ ਸਮਾਜ ਨੂੰ ਤਾਅਨਾ ਦਿਤਾ ਗਿਆ ਕਿ ਇਹਨਾਂ ਦੇ ਵਿਆਹਾਂ ਦੀ ਕੋਈ ਕਾਨੂੰਨੀ ਮਾਨਤਾ ਹੀ ਨਹੀਂ ਤਾਂ ਵਾਇਸਰਾਏ ਹਿੰਦ ਦੀ ਕੌਂਸਲ ਵਿਚ ਮਹਾਰਾਜਾ ਰਿਪੁਦਮਨ ਸਿੰਘ ਵਲੋਂ ਅਨੰਦ ਮੈਰਿਜ ਬਿਲ ਪੇਸ਼ ਕੀਤਾ ਗਿਆ। ਇਹ ਦਸਣ ਵਾਸਤੇ ਕਿ ਸਿਖ ਸਮਾਜ ਵਿਚ ਇਹ ਅਨੰਦ ਰੀਤ ਪ੍ਰਚਲਤ ਹੈ ਗਵਾਹੀ ਵਾਸਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬੇਨਤੀ ਕੀਤੀ ਗਈ। ਇਸ ਸਬੰਧੀ ਮਹਾਰਾਜਾ ਨਾਭਾ ਅਤੇ ਮਹਾਰਾਜਾ ਪਟਿਆਲਾ ਵਲੋਂ ਦੋ ਪ੍ਰਤਿਸ਼ਟ ਸਜਨ ਸ੍ਰੀ ਭੈਣੀ ਸਾਹਿਬ ਭੇਜੇ ਗਏ।

ਮਹਾਰਾਜਾ ਨਾਭਾ ਵਲੋਂ ਰਿਆਸਤ ਦੇ ਚੀਫ ਜਸਟਿਸ ਸਰਦਾਰ ਬਚਨ ਸਿੰਘ ਨੂੰ ਭੇਜਿਆ ਗਿਆ ਅਤੇ ਉਹਨਾਂ ਦੀ ਅਰਜ਼ ਤੇ ਸਤਿਗੁਰੂ ਜੀ ਨੇ ਤਾਰ ਭੇਜੀ। ਮਹਾਰਾਜਾ ਪਟਿਆਲਾ ਵਲੋਂ ਸੰਤ ਜਵਾਲਾ ਸਿੰਘ ਜੀ ਆਏ, ਜਿਨ੍ਹਾਂ ਨੂੰ ਸਤਿਗੁਰੂ ਜੀ ਵਲੋਂ ਆਪਣੇ ਦਸਤਖਤਾਂ ਵਾਲੀ ਚਿੱਠੀ ਦਿਤੀ ਗਈ। ਤਾਰ ਅਤੇ ਚਿੱਠੀ ਵਿਚ ਇਹ ਵੀ ਲਿਖਿਆ ਸੀ ਕਿ—ਅਸੀਂ ਪਿਛਲੇ ੪੫ ਸਾਲਾਂ ਤੋਂ ਅਨੰਦ ਕਾਰਜ ਗੁਰ-ਮਰਿਆਦਾ ਅਨੁਸਾਰ ਕਰ ਰਹੇ ਹਾਂ।

ਸੱਚਮੁੱਚ ਹੀ ਸਹੀ ਗੁਰ-ਮਰਿਆਦਾ ਦੀ ਗਵਾਹੀ ਦੇ ਆਧਾਰ ਤੇ ਹੀ ੨੨ ਅਕਤੂਬਰ ੧੯੦੮ ਨੂੰ ਇਹ 'ਅਨੰਦ ਮੈਰਿਜ ਐਕਟ' ਪਾਸ ਹੋਇਆ। ਹੁਣ ਭਾਵੇਂ ਬਾਕੀ ਦਾ ਸਿੱਖ ਸਮਾਜ ਹਵਨ ਅਤੇ ਬੇਦੀ ਨਾਲ ਵਿਆਹ ਨਹੀਂ ਕਰਦਾ, ਪਰ ਜਿਸ ਠੋਸ ਪ੍ਰਮਾਣ ਦੇ ਆਧਾਰ ਤੇ 'ਅਨੰਦ ਮੈਰਿਜ ਐਕਟ' ਬਣਿਆ ਉਹ ਨਾਮਧਾਰੀ ਤਰਜ਼ ਦੇ ਅਨੰਦ ਕਾਰਜ ਹੀ ਹਨ।

ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਸਖਤੀ ਨਾਲ ਹੋਰ ਸੁਧਾਰ ਲਾਗੂ ਕੀਤੇ ਹਨ ਤਾਂਕਿ ਉਹ ਸਥਿਤੀ ਪੈਦਾ ਨਾ ਹੋਵੇ ਜਿਹੋ-ਜਿਹੀ ਰਾਜਸਥਾਨ ਹਾਈ ਕੋਰਟ ਦੇ ਸਾਹਮਣੇ ਆਈ ਸੀ। ਅਨੰਦ ਕਾਰਜ ਸੱਚਮੁਚ ਹੀ ਦੋ ਤਕਦੀਰਾਂ ਦਾ ਸੰਜੋਗ ਬਣ ਸਕੇ। ਨਾਮਧਾਰੀ ਵਿਦਿਅਕ ਜਥਿਆਂ ਦੇ ਮਾਧਿਅਮ ਰਾਹੀਂ ਇਕ ਜ਼ੋਰਦਾਰ ਪਰਚਾਰ ਮੁਹਿੰਮ ਆਪ ਜੀ ਨੇ ਚਲਾਈ ਹੈ ਅਤੇ ਆਪ ਜੀ ਦੇ ਨਿਤ ਦੇ ਉਪਦੇਸ਼ ਰਾਹੀਂ ਅਤੇ ਅਮਲ ਦੁਆਰਾ ਅਨੰਦ ਕਾਰਜ ਸਬੰਧੀ ਕਮਜ਼ੋਰੀਆਂ ਦਾ ਜ਼ਬਰਦਸਤ ਵਿਰੋਧ ਕੀਤਾ ਜਾਂਦਾ ਹੈ।

ਆਪ ਜੀ ਦਾ ਫੁਰਮਾਨ ਹੈ—



Sri Satguru Jagjit Singh Ji eLibrary NamdhariElibrary@gmail.com

# ਸਮਾਚਾਰ ਦਰਸ਼ਨ



## ਸੇਖੋਂ ਸਾਹਿਬ ਸ੍ਰੀ ਭੈਣੀ ਸਾਹਿਬ ਵਿਚ

ਪੰਜਾਬੀ ਸਾਹਿਤ ਦੇ ਬਾਬਾ ਬੋਹੜ ਉਪਨਾਮ ਨਾਲ ਪਰਸਿਧ ਬਜ਼ੁਰਗ ਸਾਹਿਤਕਾਰ, ਪ੍ਰਿੰਸੀਪਲ ਸੰਤ ਸਿੰਘ ਸੇਖੋਂ, ੨੭ ਮਈ ੧੯੯੭ ਨੂੰ ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਅਤੇ ਧੰਨਵਾਦ ਕਰਨ ਵਾਸਤੇ ਪਰਿਵਾਰ ਸਮੇਤ ਆਏ। ਉਪਰਲੀ ਤਸਵੀਰ ਵਿਚ ਸਤਿਗੁਰੂ ਜੀ, ਸੇਖੋਂ ਸਾਹਿਬ ਨੂੰ ਆਸ਼ੀਰਵਾਦ ਦਿੰਦੇ ਹੋਏ ਦਿਸ ਰਹੇ ਹਨ।

ਥੱਲੇ ਦੀ ਤਸਵੀਰ ਵਿਚ ਸਤਿਗੁਰੂ ਜੀ ਅਤੇ ਸੇਖੋਂ ਸਾਹਿਬ ਪ੍ਰਸਪਰ ਬਚਨ ਬਿਲਾਸ ਕਰ ਰਹੇ ਹਨ।

ਸ੍ਰੀਮਤੀ ਸੇਖੋਂ, ਸੇਖੋਂ ਸਪੁਤਰੀ ਅਲਖ ਜੋਤ, ਪਰਿਵਾਰ ਦੇ ਹੋਰ ਜੀਆਂ ਨਾਲ ਪ੍ਰੋ. ਕਿਰਪਾਲ ਸਿੰਘ ਕਸੇਲ, ਜਗਦੀਸ਼ ਸਿੰਘ ਵਰਿਆਮ ਅਤੇ ਸੰਤ ਤਰਸੇਮ ਸਿੰਘ ਵੀ ਬੈਠੇ ਹਨ।



Sri Satguru Jagjit Singh Ji eLibrary NamdhariElibrary@gmail.com



੨੨ ਮਈ ੧੯੯੭ ਨੂੰ ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ ਵਿਦਿਅਕ ਜੱਥੇ ਦੇ ਤੇਤੀਵੇਂ ਸਾਲਾਨਾ ਸਮਾਗਮ ਦੇ ਆਰੰਭ ਵਿਚ ਆਸ਼ੀਰਵਾਦ ਦਿੰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।



ਪੰਜਾਬ ਦੇ ਮੁਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ੨੭ ਮਈ ਨੂੰ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਹਿਤ ਪਧਾਰੇ। ਸੰਤ ਸੁਰਿੰਦਰ ਸਿੰਘ ਲੁਧਿਆਣਾ ਅਤੇ ਸੰਤ ਅਵਤਾਰ ਸਿੰਘ ਅਮਰਾਸਰ ਵੀ ਨਾਲ ਹਨ।



ਵਿਦਿਅਕ ਸੰਮੇਲਨ ਦੇ ਮੇਜ਼ਬਾਨਾਂ, ਨਾਮਧਾਰੀ ਸੰਗਤ ਅਤੇ ਵਿਦਿਅਕ ਜੱਥਾ ਜਲੰਧਰ ਦਿਹਾਤੀ, ਫਗਵਾੜਾ ਅਤੇ ਨਵਾਂ ਸ਼ਹਿਰ ਨੂੰ ਖੁਸ਼ੀਆਂ ਬਖਸ਼ਦੇ ਹੋਏ ਸਤਿਗੁਰੂ ਜੀ।

Sri Satguru Jagjit Singh Ji eLibrary NamdhariElibrary@gmail.com





ਸਵ. ਕੁਲਵਿੰਦਰ ਸਿੰਘ, ਜੰਮੂ।

ਸਤਿਗੁਰੂ ਜਗਜੀਤ ਸਿੰਘ ਜੀ ਨੇ ੭ ਜੂਨ ਨੂੰ ਉਚੇਚਿਆਂ ਜੰਮੂ ਪਹੁੰਚ ਕੇ ਸ. ਕਰਤਾਰ ਸਿੰਘ ਦੇ ਪਰਿਵਾਰ ਨੂੰ ਨੌਜਵਾਨ ਸਪੁੱਤਰ ਕੁਲਵਿੰਦਰ ਸਿੰਘ ਦੀ ਅਚਾਨਕ ਮੌਤ ਤੇ ਸਾਂਤਵਨਾ ਬਖਸ਼ੀ।



ਲੁਧਿਆਣਾ ਵਿਚ ੨੪ ਮਈ, ੧੯੯੭ ਨੂੰ ਡਾ. ਬਲਦੀਪ ਸਿੰਘ ਦੇ 'ਦੀਪ ਹਸਪਤਾਲ' ਦਾ ਮਹੂਰਤ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਹੋਇਆ। ਇਸ ਸਮੇਂ ਡਾਕਟਰ ਸਾਹਿਬ ਦੇ ਸਹਿਯੋਗੀ, ਸਤਿਗੁਰੂ ਜੀ ਜੀ ਦੇ ਨਾਲ ਦਿੱਸ ਰਹੇ ਹਨ।



ਨਾਮਧਾਰੀ ਵਿਦਿਅਕ ਜੱਥਾ ਇਸਤਰੀ ਵਿੰਗ ਦੇ ੧੭ਵੇਂ ਵਾਰਸ਼ਕ ਸੰਮੇਲਨ ਦਾ ਸ਼ੁਭਾਰੰਭ ੨੫ ਜੂਨ, ੧੯੯੭ ਨੂੰ ਸੰਗੀਤ ਲਹਿਰੀਆਂ ਨਾਲ ਹੋਇਆ।

Sri Satguru Jagjit Singh Ji eLibrary NamdhariElibrary@gmail.com



ਪਿਛਲੇ ਦਿਨੀਂ ਲਾਹੌਰ ਤੋਂ ਆਏ ਪੰਜਾਬੀ ਲੇਖਕ ਜਨਾਬ ਇਲਿਆਸ ਘੁੰਮਣ ਦੇ ਸਨਮਾਨ ਵਿਚ ਪੰਜਾਬੀ ਲੇਖਕ ਸਭਾ ਜਲੰਧਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਇਕ ਸਮਾਰੋਹ ਕੀਤਾ ਗਿਆ। ਤਸਵੀਰ ਵਿਚ ਖੜੇ ਖਬਿਓਂ ਸ. ਨਰਿੰਜਣ ਸਿੰਘ ਸਾਥੀ, ਸ. ਜਗਦੀਸ਼ ਸਿੰਘ ਵਰਿਆਮ, ਡਾ. ਵਰਿਆਮ ਸਿੰਘ ਸੰਧੂ, ਜਨਾਬ ਇਲਿਆਸ ਘੁੰਮਣ, ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਅਤੇ ਕਾਮਰੇਡ ਗੰਧਰਵ ਸੈਨ।



ਪ੍ਰਿੰ. ਅਜੀਤ ਸਿੰਘ ਚੀਮਾ ਜੋ ਵਿਦਿਅਕ ਜੱਥੇ ਦੇ ਵਾਰਸ਼ਕ ਸੰਮੇਲਨ ਸਮੇਂ 'ਆਸ਼ੀਰਵਾਦ ਪੁਰਸਕਾਰ' ਨਾਲ ਸਨਮਾਨਤ ਕੀਤੇ ਗਏ।



ਨਾਮਧਾਰੀ ਵਿਦਿਅਕ ਜਥਾ ਮੰਡੀ ਹਿਮਾਚਲ, ਵਿਦਿਅਕ ਸੰਮੇਲਨ ਸਮੇਂ ਸਰਵੋਤਮ ਜਥਾ ਪੁਰਸਕਾਰ ਪ੍ਰਾਪਤ ਕਰਨ ਉਪਰੰਤ।



ਸ. ਸੰਤੋਖ ਸਿੰਘ ਮੁੱਠਡਾ ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ।



ਕਾਕਾ ਆਸਾ ਸਿੰਘ ਜੋ ਵਿਦਿਅਕ ਸੰਮੇਲਨ ਸਮੇਂ ਸਰਬੋਤਮ ਮੈਂਬਰ ਵਜੋਂ ਪੁਰਸਾਰਤ ਹੋਏ।



ਸੰਮੇਲਨ ਸਮੇਂ ਕਬੱਡੀ ਮੈਚ ਦਾ ਦ੍ਰਿਸ਼।



ਕਾਕਾ ਹਰਪ੍ਰੀਤ ਸਿੰਘ ਫਾਜ਼ਿਲਕਾ : ਮਾਤਾ ਦੇ ਗਹਿਣੇ ਚੋਰਨੀ ਤੋਂ ਬਚਾਏ।

Sri Satguru Jagjit Singh Ji eLibrary NamdhariElibrary@gmail.com

—ਅਨੰਦ ਕਾਰਜ ਸਬੰਧੀ ਕਿਸੇ ਕਿਸਮ ਦੀ ਵੀ ਰਸਮ, ਅਰਦਾਸ, ਠਾਕਾ, ਮੰਗਣੀ, ਸ਼ਗਨ; ਸਾਧਾਰਨ ਪਾਠ, ਅਖੰਡ ਪਾਠ, ਸਾਹਾ ਸੁਧਾਉਣਾ ਆਦਿ ਕੁਝ ਨਾ ਕੀਤਾ ਜਾਵੇ।

—ਅਨੰਦ ਕਾਰਜ ਸਬੰਧੀ ਕੋਈ ਕਾਰਡ ਵੀ ਨਾ ਛਪਾਏ ਜਾਣ।

—ਅਨੰਦ ਕਾਰਜ ਦੇ ਬਾਅਦ ਵੀ ਕੋਈ ਸਵਾਗਤ ਪਾਰਟੀ, ਕੋਈ ਰੋਟੀ ਲੰਗਰ, ਪਾਠ ਵਰਨੀ ਆਦਿਕ ਕਿਸੇ ਸ਼ਕਲ ਵਿਚ ਵੀ ਕੁਝ ਨਾ ਕੀਤਾ ਜਾਵੇ।

—ਅਨੰਦ ਕਾਰਜ ਤੋਂ ਬਾਅਦ ਸਿੱਧਾ ਲੜਕੀ ਆਪਣੇ ਸਹੁਰੇ ਘਰ ੧੪ ਦਿਨ ਰਹੇ।

—ਅਨੰਦ ਕਾਰਜ ਵਾਸਤੇ ਮੇਲੇ ਉਤੇ ਆਉਣ ਵਾਸਤੇ ਲੜਕੇ/ਲੜਕੀ ਵਾਲੇ ਸਪੈਸ਼ਲ ਬੱਸਾਂ ਉਤੇ ਖਰਚ ਕਰਕੇ ਵੀ ਸਵਾਰੀਆਂ ਨਾ ਢੋਣ।

ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਕਥਨ ਹੈ:

"ਹੋਰ ਮਨਮੁਖ ਦਾਜੁ ਜਿ ਰਖਿ ਦਿਖਾਲਹਿ
ਸੁ ਕੂੜੁ ਅਹੰਕਾਰੁ ਕਚੁ ਪਾਜੋ ॥"

ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਹੈ—ਦਾਜ ਮੂਲੋਂ ਹੀ ਨਹੀਂ ਦੇਣਾ, ਕਿਸੇ ਵੀ ਰੂਪ ਵਿਚ ਕਿਸੇ ਵੀ ਬਹਾਨੇ।

ਸਤਿਗੁਰੂ ਜੀ ਤਾਂ ਅਨੰਦ ਕਾਰਜ ਕਰਾਉਣ ਵਾਲੇ ਲੜਕੇ/ਲੜਕੀ ਪਾਸੋਂ ਭੇਟਾ ਵੀ ਕੇਵਲ ਇਕ ਰੁਪਿਆ ਸਵੀਕਾਰ ਕਰਦੇ ਹਨ ਤਾਂ ਕਿ ਵਿਆਹ ਸੰਬੰਧੀ ਕੋਈ ਚੜ੍ਹਾਵੇ ਦੇ ਰੂਪ ਵਿਚ ਵੀ ਕੋਈ ਉਚੇਚ ਨਾ ਹੋ ਜਾਵੇ।

ਗੁਰੂ ਅਮਰਦਾਸ ਜੀ ਦਾ ਕਥਨ ਹੈ:

"ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ
ਏਤ ਧਾਨ ਖਾਧੈ ਤੇਰਾ ਜਨਮ ਗਇਆ ॥"

ਇਸ ਦਾ ਭਾਵ ਭਾਈ ਕਾਹਨ ਸਿੰਘ ਜੀ ਨੇ 'ਗੁਰਮਤਿ ਪ੍ਰਭਾਕਰ' ਦੇ ਫੁਟ ਨੋਟ ਵਿਚ ਇਵੇਂ ਦਰਜ ਕੀਤਾ ਹੈ—

"ਜਜਮਾਨ ਦੀ ਪੁਤ੍ਰੀ ਦੇ ਵਿਵਾਹ ਸਮੇਂ ਕਿਰਤ ਕਮਾਈ ਦਾ ਧਨ ਜਦ ਪਾਂਧੇ ਦੇ ਜਨਮ ਨੂੰ ਖੋ ਦਿੰਦਾ ਹੈ ਤਦ ਉਸ ਪੁਰਸ਼ ਦਾ ਕੀ ਹਾਲ ਹੋਊ ਜੋ ਆਪਣੀ ਪੁਤ੍ਰੀ ਨੂੰ ਪਸ਼ੂਆਂ ਦੀ ਤਰ੍ਹਾਂ ਵੇਚ ਕੇ ਧਨ ਵੱਟਦਾ ਹੈ?" ਇਸ ਸ਼ਬਦ ਤੋਂ ਇਹ ਭੀ ਉਪਦੇਸ਼ ਮਿਲਦਾ ਹੈ ਕਿ "ਅਨੰਦ ਪੜ੍ਹਾਉਣ ਵਾਲੇ ਰਾਗੀ ਅੌਰ ਗਰੰਥੀ ਨੂੰ ਅਨੰਦ ਪੜ੍ਹਾਈ ਦੀ ਦੱਛਣਾ ਅਰਦਾਸ ਲੈਣੀ ਵਿਧਾਨ ਨਹੀਂ।"

ਨਾਮਧਾਰੀ ਅਨੰਦ ਕਾਰਜ ਦੀ ਹਰ ਇਕ ਰੀਤ ਸਤਿਗੁਰਾਂ ਦੇ ਹੁਕਮ ਮਰਿਆਦਾ ਦੇ ਹੱਕ ਵਿਚ ਗੁਰਬਾਣੀ ਦੇ ਪ੍ਰਮਾਣ ਭਰੇ ਪਏ ਹਨ, ਪਰ ਜੇ ਪ੍ਰਮਾਣ ਨਾ ਭੀ ਹੋਵਣ ਤਾਂ ਸਤਿਗੁਰਾਂ ਦਾ ਹੁਕਮ ਹੀ ਸਰਬੋਤਮ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਨਿਵੇਕਲਾ ਪਰੋਪਕਾਰ ਇਹ ਵੀ ਹੈ ਕਿ ਆਪ ਜੀ ਨੇ ਘੱਟ ਆਮਦਨ ਵਾਲਿਆਂ ਸਿਖਾਂ ਦੇ ਰਿਸ਼ਤੇ ਵਧ ਸਮਰਥ ਪਰਿਵਾਰਾਂ ਨਾਲ ਜੋੜੇ ਹਨ। ਇਸ ਤਰ੍ਹਾਂ ਸਮਾਜਕ ਬਰਾਬਰੀ ਵਾਸਤੇ ਬਹੁਤ ਸਫਲ ਉਪਰਾਲੇ ਬੀਤੇ ਹਨ।

ਸਹੀ ਅਰਥਾਂ ਵਿਚ ਵਿਆਹ ਨੂੰ ਗ੍ਰਹਿਸਤ ਅਤੇ ਮੋਕਸ਼ ਦਾ ਸਾਧਨ ਸਤਿਗੁਰਾਂ ਬਣਾਇਆ ਹੈ। ਗ੍ਰਹਿਸਤ ਵਿਚ ਵੀ ਉਦਾਸੀ ਅਤੇ ਨਿਰਬਾਣ ਪਦ ਦੀ ਪ੍ਰਾਪਤੀ ਦਾ ਰਾਹ ਦਸਿਆ ਹੈ। ਪੁਤਰ ਕਲਤ੍ਰ ਵਿਚ ਹੀ ਗਤਿ ਪਾਉਣ ਦੀ ਸੋਝੀ ਕਰਾਈ ਹੈ।

ਤੀਜੇ ਪਾਤਸ਼ਾਹ ਜੀ ਦਾ ਫੁਰਮਾਨ ਹੈ:

ਮਨ ਰੇ ਗ੍ਰਿਹਹੀ ਮਾਹਿ ਉਦਾਸ
ਸਚ ਸੰਜਮ ਕਰਣੀ ਸੋ ਕਰੇ
ਗੁਰਮੁਖ ਹੋਇ ਪਰਗਾਸ
ਗੁਰ ਕੈ ਸਬਦਿ ਮਨ ਜੀਤਿਆ
ਗਤਿ ਮੁਕਤਿ ਘਰੈ ਮਹਿ ਪਾਇ ॥

ਆਓ ਸਤਿਗੁਰੂ ਜੀ ਦੇ ਆਦੇਸ਼ਾਂ ਤੇ ਪੱਕੀ ਤਰ੍ਹਾਂ ਚਲਕੇ ਲੋਕ ਅਤੇ ਪਰਲੋਕ ਸੁਹੇਲਾ ਕਰੀਏ, ਗਤਿ ਅਤੇ ਮੁਕਤੀ ਸਹਿਜੇ ਪ੍ਰਾਪਤ ਕਰੀਏ ਤੇ ਦੁਨੀਆਂ ਨੂੰ ਘੋਰ ਰਿਸਾਤਲ ਚੋਂ ਕਢਣ ਦਾ ਹੰਭਲਾ ਮਾਰੀਏ।


ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**

**TECHNO INDUSTRIES**

**ਟੈਕਨੋ ਇੰਡਸਟਰੀਜ਼**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts

**E.D. 311, Old Railway Road,**
**JALANDHAR-144001.**





Sri Satguru Jagjit Singh Ji eLibrary NamdhariElibrary@gmail.com

ਪ੍ਰੀਤਮ ਸਿੰਘ ਪੰਛੀ ਅਤੇ ਉਹਨਾਂ ਦੀ ਰਚਨਾ

# ਟੁਕੜਿਆਂ ਵਿਚ ਵੰਡਿਆ ਆਦਮੀ

**—ਸੁਵਰਨ ਸਿੰਘ ਵਿਰਕ**

ਛਿਪੇ ਰਹਿਣ ਦੀ ਚਾਹ ਵਾਲੇ, ਪਰ ਸਮਰੱਥ ਪੰਜਾਬੀ ਗਲਪਕਾਰ, ਪ੍ਰੀਤਮ ਸਿੰਘ ਪੰਛੀ ਨੇ, ਆਪਣੀ ਆਤਮ ਕਥਾ ਤੇ ਆਧਾਰਿਤ ਰਚਨਾ "ਟੁਕੜਿਆਂ ਵਿਚ ਵੰਡਿਆ ਆਦਮੀ" ਕੋਈ ਵੀਹ ਕੁ ਵਰ੍ਹੇ ਪਹਿਲਾਂ ਛਪੇ ਨਾਵਲ 'ਕੁਦੇਸਣ' ਤੋਂ ਬਾਦ ਪੰਜਾਬੀ ਪਾਠਕਾਂ ਨੂੰ ਭੇਟ ਕੀਤੀ ਹੈ। 'ਕੁਦੇਸਣ' ਜਿਥੇ, ਮੁੱਲ ਲਿਆਂਦੀਆਂ, ਪੰਜਾਬੋਂ ਦੂਰ ਦੁਰਾਡੇ ਦੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਦਾ ਮਾਰਮਿਕ ਚਿਤਰਣ ਸੀ, ਉਥੇ ਹੱਥਲੀ ਰਚਨਾ ਬਸਤੀਵਾਦ ਵਿਰੋਧੀ ਕੂਕਾ ਅੰਦੋਲਨ ਦੇ ਇਕ ਸ਼ਰਧਾਲੂ ਦਾ, ਸਾਮਰਾਜ ਵਿਰੋਧੀ ਕਿਰਤੀ ਕਿਸਾਨਾਂ ਦੀ ਲਹਿਰ ਅਤੇ ਫਿਰ ਕਮਿਊਨਿਸਟ ਪਾਰਟੀ ਨਾਲ ਆਤਮ-ਸਾਤ ਕਰਨ ਦਾ ਦਿਲਚਸਪ ਵਰਣਨ ਹੈ। ਇਹ ਇਕ ਦਸਤਾਵੇਜ਼ੀ ਮਹੱਤਵ ਵਾਲੀ ਰਚਨਾ ਹੈ ਜਿਸ ਵਿਚ ਛੋਟੇ ਛੋਟੇ ਟੁਕੜਿਆਂ ਵਿਚ ਲੇਖਕ ਨੇ ਨਾਮਧਾਰੀ ਲਹਿਰ ਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੀ ਅਗਵਾਈ ਵਾਲੇ ਦੌਰ ਦੀਆਂ, ਦੁਆਬੇ ਵਿਚ ਨਹਿਰੀ ਪਾਣੀ ਦੀ ਪ੍ਰਾਪਤੀ ਲਈ ਚੱਲੇ ਵਿਸ਼ਾਲ ਕਿਸਾਨ ਘੋਲ ਦੀਆਂ, ਕਲਸੀਆ ਰਿਆਸਤ ਦੀ ਜਨਤਾ ਵਲੋਂ ਵਿੱਢੇ ਗਏ ਰਜਵਾੜਾਸ਼ਾਹੀ ਵਿਰੁਧ ਅੰਦੋਲਨ ਦੀਆਂ, ਗਦਰ ਪਾਰਟੀ ਦੇ ਰੂਪੋਸ਼ ਵਰਕਰਾਂ ਦੀਆਂ ਕਠਿਨ ਘਾਲਣਾਵਾਂ ਦੀਆਂ ਘਟਨਾਵਾਂ ਦਾ ਬੜਾ ਸਜੀਵ ਵਰਨਣ ਪੇਸ਼ ਕੀਤਾ ਹੈ। ਪੁਸਤਕ ਵਿਚ ਤੁਹਾਡੀ ਦਿਲਚਸਪੀ ਇਸ ਦੇ ਅਖੰਡ ਪਾਠ ਤਕ ਲੈ ਜਾਂਦੀ ਹੈ।

ਤਕਰੀਬਨ ਅੱਧੀ ਸਦੀ ਤੋਂ ਵੀ ਦਹਾਕਾ ਭਰ ਵਧ ਸਮਾਂ ਬੀਤ ਚੁਕਾ ਹੈ, ਜਦੋਂ ਦਾ ਪ੍ਰੀਤਮ ਸਿੰਘ ਪੰਛੀ ਰਚਨਾ ਕਰਮ ਵਿਚ ਜੁਟਿਆ ਹੋਇਆ ਹੈ। ਪਰ ਇਹ ਸਾਰਾ ਪੈਂਡਾ ਇਹਨਾਂ ਨੇ ਬੜੀ ਖਾਮੋਸ਼ੀ ਨਾਲ ਲੋਕ ਹਿਤ ਦੇ ਪੈਂਤੜੇ ਤੋਂ ਸਿਰਜੇ ਰਚਣੇਈ ਸਾਹਿਤ ਦੀ ਰਚਨਾ ਕਰਦਿਆਂ ਬਿਤਾਇਆ ਹੈ। ਭਾਰਤੀ ਸਾਹਿਤਕਾਰਾਂ ਦਾ ਪੁਰਾਤਨ ਨਾਹਰਾ "ਸਤਿਅਮ, ਸ਼ਿਵਮ, ਸੁੰਦਰਮ" ਵੀ ਜਿੱਥੇ ਉਹਨਾਂ ਦਾ ਪ੍ਰੇਰਨਾ ਸਰੋਤ ਸੀ ਉਥੇ ਦੇਸ਼ ਵਿਆਪੀ ਪ੍ਰਗਤੀਸ਼ੀਲ ਯਥਾਰ-ਵਾਦੀ ਚਿੰਤਨ ਲੇਖਨ ਨੇ ਵੀ ਉਹਨਾਂ ਦੀ ਸਦਾ ਅਗਵਾਈ ਕੀਤੀ ਹੈ। ਇਸ ਧੀਮੀ ਸੁਰ ਵਾਲੇ ਲੇਖਕ ਦਾ ਨਿਵੇਕਲਾ ਅੰਦਾਜ਼ ਹੀ ਤਾਂ ਹੈ ਕਿ ਉਹ ਆਪਣੇ ਸੀਨੇ ਵਿਚ ਖੌਲਦੇ ਜੁਆਲਾ ਮੁਖੀਆਂ ਦੇ ਦਰਸ਼ਨ ਤੁਹਾਨੂੰ ਥੋਹੜੇ ਜਹੇ ਫਿਕਰਿਆਂ ਵਾਲੇ ਇਕ ਦੋ ਵਾਕਾਂ ਨਾਲ ਹੀ ਕਰਾ ਦਿੰਦਾ ਹੈ। ਥੋਹੜੇ ਵਿਚ ਬਹੁਤਾ ਕਹਿ ਜਾਣ ਦੀ ਕਲਾ ਵਾਰਤਾਲਾਪ ਦਾ ਸੀਮਿਤ ਅਕਾਰ ਤੇ ਸੰਜਮਮਈ ਸ਼ੈਲੀ, ਸਿੱਧਾ ਤੇ ਸਪਸ਼ਟ ਵਰਣਨ। ਭਾਵੇਂ ਉਹ ਜੱਟ ਪਰਿਵਾਰ ਵਿਚੋਂ ਹੈ ਪਰ ਸ਼ਬਦਾਂ ਨੂੰ ਵਾਕਾਂ ਦੀ ਜੜਤ ਵਿਚ ਟਿਕਾਉਣ ਲਗਿਆਂ ਉਸ ਦੀ ਕਾਰੀਗਰੀ ਤੋਂ ਬਲਿਹਾਰੇ ਜਾਣ ਨੂੰ ਮਨ ਲੋਚਦਾ ਹੈ।

੧੯੬੦ ਈਸਵੀ ਵਿਚ ਪ੍ਰੀਤਮ ਸਿੰਘ ਕਵੀ ਦੀ ਸੰਪਾਦਨਾ ਹੇਠ, ਸਪਤਾਹਿਕ ਸਤਿਜੁਗ, ਸ੍ਰੀ ਜੀਵਨ ਨਗਰ (ਸਿਰਸਾ) ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ 'ਸਿਮ੍ਰਤੀ ਅੰਕ' ਕਢਿਆ ਸੀ। ਉਸ ਵਿਚ ਪੰਛੀ ਜੀ ਦੀ ਲਿਖਤ ਨਾਲ ਦਿਤੀ ਗਈ ਸੰਪਾਦਕੀ ਟਿਪਣੀ ਵਿਚ ਦਰਜ ਸੀ ਕਿ ਸਾਨੂੰ ਅਫਸੋਸ ਹੈ ਪੰਛੀ ਜੀ ਦਾ ਚਿਤਰ ਪ੍ਰਾਪਤ ਨਹੀਂ ਹੋ ਸਕਿਆ ਨਹੀਂ ਤਾਂ ਤੁਸਾਂ ਵੇਖਣਾ ਸੀ ਕਿ ਨਾਮਧਾਰੀ ਕਿੰਨੇ ਵਿਵਿਧ ਰੂਪਾਂ ਵਿਚ ਹੋ ਸਕਦੇ ਹਨ। ਮੇਰੇ ਬਾਲ ਮਨ ਤੇ ਵਿਵਿਧ ਰੂਪ ਦੇ ਦਰਸ਼ਨਾਂ ਦੀ ਪਹਿਲੀ ਜਗਿਆਸਾ ਤਾਂ ਉਦੋਂ ਹੀ ਪੈਦਾ ਹੋਈ ਸੀ, ਪ੍ਰੰਤੂ ਦਰਸ਼ਨ ਕਾਫੀ ਸਮਾਂ ਬਾਦ ੧੯੮੦ ਈਸਵੀ ਦੇ ਲਾਗੇ ਚਾਗੇ ਹੋਏ, ਜਦੋਂ ਇਹ ਆਪਣੇ ਭਣੇਵਿਆਂ ਨੂੰ ਮਿਲਣ ਸਾਡੇ ਗੁਆਂਢੀ ਪਿੰਡ ਦਮਦਮੇ ਆਏ ਸਨ ਅਤੇ ਉਥੋਂ ਬਾਪੂ ਜੀ (ਜਥੇਦਾਰ ਗੁਰਮੁਖ ਸਿੰਘ 'ਝੱਬਰ') ਦਾ ਹਾਲ ਚਾਲ ਜਾਨਣ ਕਰੀਵਾਲੇ ਆ ਗਏ ਸਨ। ਐਤਕੀਂ ੧੯੯੭ ਈਸਵੀ ਦੇ ਨਾਮਧਾਰੀ ਹੋਲੇ ਮਹੱਲੇ ਦੇ ਸਮੇਂ ਫਿਰ ਸ੍ਰੀ ਜੀਵਨ ਨਗਰ ਆਗਮਨ ਸਮੇਂ ਉਹ ਮੈਨੂੰ ਦਰਸ਼ਨ ਦੇਣ ਕਰੀਵਾਲੇ ਆਏ, ਜਿਥੇ ਉਹਨਾਂ ਨਾਲ ੩-੪ ਘੰਟੇ ਦੀ ਲੰਮੀ ਵਾਰਤਾਲਾਪ ਵਿਚ ਉਹਨਾਂ ਦੇ ਬੀਤੇ ਜੀਵਨ ਤੇ ਪੰਛੀ ਝਾਤ ਪਾਉਣ ਦਾ ਉਪਰਾਲਾ ਕੀਤਾ। ਐਤਕੀਂ ਵੀ ਉਹ ਪਿਛਲੀ ਵੇਰ ਜਿਉਂ ਹੀ ਸਾਥੀ ਸੁਰਜੀਤ ਸਿੰਘ "ਸਰਪੰਚ" ਦਮਦਮਾ ਦੇ ਨਾਲ ਆਏ ਸਨ। "ਪੰਛੀ" ਜੀਵਨ ਦੇ ਥੋਹੜੇ ਕੁ ਵਰਣਨ ਨੂੰ ਪਾਠਕਾਂ ਨਾਲ ਸਾਂਝੇ ਕਰਨ ਦੇ ਲੋਭ ਤੋਂ ਮੈਂ ਆਪਣੇ ਆਪ ਨੂੰ ਬਚਾ ਨਹੀਂ ਸਕਿਆ।

੨੨ ਜਨਵਰੀ ੧੯੨੨ ਈਸਵੀ ਨੂੰ ਦੁਆਬੇ ਦੇ ਪਿੰਡ ਫਲਪੋਤਾ ਤਹਿਸੀਲ ਫਲੌਰ ਜ਼ਿਲਾ ਜਲੰਧਰ ਵਿਚ ਪਿਤਾ ਸ. ਹਰਨਾਮ ਸਿੰਘ ਅਤੇ ਮਾਤਾ ਸ੍ਰੀਮਤੀ ਹਰਨਾਮ ਕੌਰ ਦੇ ਘਰ ਪੈਦਾ ਹੋਏ। ਮਾਤਾ ਖੰਨੇ ਦੇ ਪਾਸ ਰਾਜੇਵਾਲ ਰੋਹਣੋਂ ਪਿੰਡ ਦੇ ਤਿੰਨ ਖੂਹਾਂ ਦੇ ਮਾਲਕ ਵੱਡੇ ਕਿਸਾਨ ਦੀ ਧੀ ਸੀ।



Sri Satguru Jagjit Singh Ji eLibrary NamdhariElibrary@gmail.com

ਪਰ ਨਾਨਕਾ ਪਰਿਵਾਰ ਜਾਇਦਾਦ ਲਈ ਸ਼ਰੀਕਾਂ ਦੇ ਲੋਭ ਦੀ ਭੇਟਾ ਚੜ੍ਹ ਗਿਆ ਸੀ। ਫਲਪੋਤੇ ਵਿਚ ਪੋਸਤ ਦੇ ਆਮ ਪ੍ਰਚਲਨ ਬਾਰੇ ਇਹ ਮੁਹਾਵਰਾ ਬਣ ਗਿਆ ਸੀ :—

"ਅੱਪਰੇ ਕੋਲ ਫਲਪੋਤਾ।
ਡੋਡੇ ਪੀਂਦੇ ਬਾਬਾ ਪੋਤਾ।"

ਇਕ ਛੋਟਾ ਭਾਈ ਇਕ ਛੋਟੀ ਭੈਣ ਸੀ। ਬਚਪਨ ਵਿਚ ਹੀ ਪਿਤਾ ਦੀ ਮੌਤ ਹੋ ਗਈ। ਜ਼ਮੀਨ ਵਿਕ ਚੁਕੀ ਸੀ ਬੱਸ ਦੋ ਕੁ ਕਿੱਲੇ ਰਹਿ ਗਈ ਸੀ। ਇਕ ਚਾਚਾ ਗੋਨੀ ਆਸਟਰੇਲੀਆ ਵਿਚ ਗਿਆ ਸੀ। ਪੈਸੇ ਤਾਂ ਘਰ ਕਾਫੀ ਆਉਂਦੇ ਸਨ ਭਾਵੇਂ ਅੱਧਾ ਪਿੰਡ ਖਰੀਦ ਲੈਂਦੇ, ਪ੍ਰੰਤੂ ਘਰ ਦਾ ਜੁਗਾੜ ਡਾਵਾਂ ਡੋਲ ਸੀ। ਮਾਲਵੇ ਦੇ ਪ੍ਰਸਿਧ ਕੂਕਾ ਸੰਤ ਕਰਮ ਸਿੰਘ ਜੀ ਹਿੰਮਤਪੁਰੀਏ ੨੫-੩੦ ਸਿੰਘਾਂ ਦਾ ਜਥਾ ਲੈ ਕੇ ਪਿੰਡ ਵਿਚ ਚੱਕਰ ਲਾਉਂਦੇ। ਇਕ ਮਾਤਾ ਬਸੰਤ ਕੌਰ ਸਨ, ਉਹ ਸੰਤਾਂ ਦਾ ਲੰਗਰ ਕਰਦੇ। ਇਸ ਪਿੰਡ ਵਿਚ ਤਾਂ ਕੂਕਿਆਂ ਦੇ ਚਾਰ ਪੰਜ ਹੀ ਘਰ ਸਨ, ਪਰ ਹੋਰ ਲਾਗੇ ਚਾਗੇ ਮੁਠੱਡਾ ਕਲਾਂ, ਮੋਰੋਂ, ਗੜ੍ਹੀ ਮਹਾਂ ਸਿੰਘ ਆਦਿ ਪਿੰਡ ਕੂਕਿਆਂ ਦੇ ਗੜ੍ਹ ਸਨ। ਸੰਤਾਂ ਤੋਂ ਪਤਾ ਲਗਿਆ ਕਿ ਸ੍ਰੀ ਭੈਣੀ ਸਾਹਿਬ, ਨਾਮਧਾਰੀ ਕੇਂਦਰ ਵਿਖੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਅਤੇ ਹੋਰ ਨਾਮਧਾਰੀ ਬਚਿਆਂ ਨੂੰ ਪੜ੍ਹਾਉਣ ਵਾਸਤੇ ਇਕ ਵਿਦਿਆਲਾ ਖੋਹਲਿਆ ਹੈ। ਜਿਥੇ ਬਚਿਆਂ ਦੇ ਰਹਿਣ ਸਹਿਣ ਭੋਜਨ ਕਪੜੇ ਦੀ ਵਿਵਸਥਾ ਕੀਤੀ ਗਈ ਸੀ।

੧੯੩੩ ਤੋਂ ੧੯੩੯ ਈਸਵੀ ਤਕ ਛੇ ਸਾਲ ਲਗਾਤਾਰ ਇਸ ਵਿਦਿਆਲੇ ਦੇ ਵਿਦਿਆਰਥੀ ਵਜੋਂ ਹਿੰਦੀ, ਪੰਜਾਬੀ, ਸੰਸਕ੍ਰਿਤ ਅਤੇ ਅੰਗਰੇਜ਼ੀ ਦੀ ਸਿਖਿਆ ਹਾਸਲ ਕੀਤੀ। ਦੋ ਤਿੰਨ ਵੇਰ ਇਥੋਂ ਦੌੜਨ ਦੀ ਕੋਸ਼ਿਸ਼ ਵੀ ਕੀਤੀ। ਦੌੜਣ ਦਾ ਕਾਰਨ ਡੇਰੇ ਦੇ ਪ੍ਰਬੰਧਕ ਨਹੀਂ ਸਗੋਂ ਅਧਿਆਪਕਾਂ ਦੀ ਸਖਤੀ ਸੀ। ਸਿਖਿਆ ਵਿਚ ਸਿੱਖ ਧਰਮ ਗ੍ਰੰਥਾਂ ਦਾ ਅਧਿਅਨ, ਪੰਜ ਗਰੰਥੀ ਤੋਂ ਗੁਰੂ ਗਰੰਥ ਸਾਹਿਬ ਦਾ ਪਾਠ ਸ਼ਾਮਲ ਸੀ। ਇਥੇ ਸੰਗੀਤ ਦੀ ਸਿਖਿਆ ਲਈ ਦੋ ਸੰਗੀਤ ਪਾਰਟੀਆਂ ਸਨ। ਵਡੀ ਵਿਚ ਬੇਅੰਤ ਜੀ (ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ), ਰਜਿੰਦਰ ਸਿੰਘ ਗੁਰੂਸਰੀਆ, ਪ੍ਰੀਤਮ ਸਿੰਘ ਕਵੀ ਵਗੈਰਾ ਸ਼ਾਮਲ ਸਨ। ਛੋਟੀ ਵਿਚ ਪੰਛੀ ਤੇ ਹੋਰ ਕਾਫੀ ਮੁੰਡੇ ਸਨ। ਭੈਣੀ ਸਾਹਿਬ ਦੇ ਗੁਆਂਢੀ ਪਿੰਡ ਪੰਜੇਟਾ ਦੇ ਪੰਡਿਤ ਹਰਬੰਸ ਲਾਲ 'ਸ਼ਾਸਤਰੀ' ਜੋ ਕਾਸ਼ੀ ਤੋਂ ਪੜ੍ਹੇ ਸਨ, ਉਹਨਾਂ ਤੋਂ ਹਿਦੀ ਸੰਸਕ੍ਰਿਤ ਦੀ ਨੀਂਹ ਮਜ਼ਬੂਤ ਕੀਤੀ। ਅੰਗਰੇਜ਼ੀ ਦੇ ਅਧਿਆਪਕ ਪੰਡਿਤ ਗੁਰਦਿਆਲ ਸਿੰਘ ਸਿਆਲਕੋਟ ਵਲ ਦੇ ਸਨ। ਇਕ ਰੀਟਾਇਰਡ ਆਈ. ਸੀ. ਐਸ. ਅਧਿਕਾਰੀ ਸ੍ਰੀ ਭੋਲਾ ਨਾਥ ਮਹਿਤਾ ਗੁਜਰਾਂਵਾਲੇ ਦੇ ਸਨ। ਉਹ ਬਜ਼ੁਰਗ ਸਨ ਅਤੇ ਅੰਗਰੇਜ਼ੀ ਵਿਚ ਧਾਰਮਿਕ ਪੁਸਤਕਾਂ ਦੇ ਪਾਠ ਦੇ ਸ਼ੌਕੀਨ ਸਨ। ਉਸਤਾਦ ਨੱਥਾ ਸਿੰਘ ਇਹਨਾਂ ਨੂੰ ਭੈਣੀ ਸਾਹਿਬ ਲਿਆਇਆ ਸੀ, ਕਿਸੇ ਕਾਰਨ ਪ੍ਰੀਵਾਰਕ ਜੀਵਨ ਤੋਂ ਉਪਰਾਮ ਹੋ ਗਏ ਸਨ। ਉਸ ਵੇਲੇ ਦੀ ਟਿਵਾਣਾ ਵਜ਼ਾਰਤ ਵਿਚ ਸਰ ਮਨੋਹਰ ਲਾਲ ਵਿਤ ਮੰਤਰੀ ਪੰਜਾਬ ਸਨ। ਮਹਿਤਾ ਜੀ ਵੀ ਵਿਲਾਇਤ ਵਿਚ ਉਹਦੇ ਜਮਾਤੀਏ ਰਹੇ ਸਨ। ਬਿਰਤੀ ਸਾਧੂ ਸੰਤਾਂ ਵਾਲੀ ਸੀ। ਝੁਕਾਅ ਸਿਆਸਤ ਵਲ ਸੀ। ਦੂਜੇ ਅੰਗਰੇਜ਼ੀ ਦੇ ਅਧਿਆਪਕ ਅੰਗਰੇਜ਼ੀ ਵਿਚ ਸਿੱਖ ਇਤਿਹਾਸ ਪੜ੍ਹਾਉਂਦੇ ਸਨ। ਲੰਮੇ ਸਨ, ਮੰਜੀ ਤੇ ਲੱਤਾਂ ਪੂਰੀਆਂ ਨਾ ਆਉਂਦੀਆਂ ਜਦੋਂ ਸੌਂਦੇ। ਡੇਰੇ ਦੇ ਇਕ ਮੁਖਤਿਆਰ ਸ੍ਰ. ਭਗਤ ਸਿੰਘ ਚੀਕੂ ਨਾਲ ਤੂੰ-ਤੂੰ ਮੈਂ-ਮੈਂ ਹੋ ਗਈ। ਜਿਸ ਤੇ ਉਹਨਾਂ ਨੇ ਉਥੇ ਰਹਿਣ ਗਵਾਰਾ ਨਾ ਕੀਤਾ।

ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਨਿਜ਼ੀ ਲਾਇਬਰੇਰੀ ਸੀ, ਜਿਸ ਵਿਚ ਪੰਜ ਹਜ਼ਾਰ ਦੇ ਕਰੀਬ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਦੀਆਂ ਪੁਸਤਕਾਂ ਸਨ। "ਵਿਸ਼ਾਲ ਭਾਰਤ" ਕਲਕੱਤੇ ਤੋਂ ਛਪਦਾ ਸੀ ਹਿੰਦੀ ਦਾ ਪਰਚਾ। ਇਸ ਵਿਚ ਉੱਚ-ਪਾਏ ਦੀਆਂ ਸਾਹਿਤਕ ਰਚਨਾਵਾਂ ਹੁੰਦੀਆਂ ਸਨ ਅਤੇ ਰਾਹੁਲ ਸੰਕਰਤਾਇਨ ਦੀਆਂ ਬੋਧੀ ਧਰਮ ਗਰੰਥਾਂ ਦੀ ਖੋਜ ਵਿਚ ਤਿੱਬਤ ਦੀਆਂ ਯਾਤਰਾਵਾਂ ਦੇ ਰੌਚਿਕ ਪ੍ਰਸੰਗ ਇਸ ਵਿਚ ਛਪਦੇ। ਰਾਹੁਲ, ਪ੍ਰਸਿਧ ਹਿੰਦੀ ਪ੍ਰਗਤੀਸ਼ੀਲ ਕਵੀ ਨਾਗ ਅਰਜੁਨ ਅਤੇ ਅਨੰਦ ਕੌਸ਼ਲਾਇਨ ਨੇ ਇਕੱਠਿਆਂ ਬੁੱਧ ਧਰਮ ਦੀ ਦੀਕਸ਼ਾ ਲਈ ਸੀ। ਅਨੰਦ ਭਗਤ ਸਿੰਘ ਦੇ ਸਹਿਪਾਠੀ ਸਨ ਅਤੇ ਪੰਛੀ ਜੀ ਦੇ ਬੜੇ ਮਿੱਤਰ ਰਹੇ ਸਨ।

ਅੰਮ੍ਰਿਤਸਰੋਂ ਛਪਦਾ ਗ਼ਦਰ ਪਾਰਟੀ ਵਾਲਿਆਂ ਦਾ ਮਾਸਿਕ ਪਰਚਾ "ਕਿਰਤੀ", ਜਿਸ ਦੇ ਕਦੇ ਭਾਈ ਸੰਤੋਖ ਸਿੰਘ ਐਡੀਟਰ ਰਹੇ ਸਨ, ਵੀ ਭੈਣੀ ਸਾਹਿਬ ਦੇ ਪੁਸਤਕਾਲੇ ਦਾ ਸ਼ਿੰਗਾਰ ਸੀ, ਅਜੋਕੇ ਯੁਗ ਦੇ ਪੰਜਾਬੀ ਵਾਰਤਕ ਲੇਖਕ ਸ੍ਰ. ਗੁਰਬਖਸ਼ ਸਿੰਘ ਹੋਰਾਂ ਦੀ ਪ੍ਰੀਤਲੜੀ ਦੇ ਨਾਲ ਨਾਲ



Sri Satguru Jagjit Singh Ji eLibrary NamdhariElibrary@gmail.com

ਪਹਿਲੀ ਪ੍ਰੇਰਣਾ 'ਕਿਰਤੀ' ਤੋਂ ਹੀ ਮਿਲੀ। ਪਹਿਲਾਂ ਤਾਂ ਪ੍ਰੀਤਲੜੀ ਪੜ੍ਹਨ ਲਈ ਆਮ ਮਿਲ ਜਾਂਦੀ, ਪਰ ਫਿਰ ਇਕ ਵਕਤ ਆਇਆ ਕਿ ਇਸ ਨੂੰ ਲੁਕ ਲੁਕ ਕੇ ਪੜ੍ਹਨਾ ਪੈਂਦਾ। ਡੇਰੇ ਵਿਚ ਪੈਸੇ ਨਹੀਂ ਸਨ ਰੱਖਣ ਦਿੰਦੇ। ਸ਼ਾਇਦ ਇਸ ਲਈ ਕਿ ਪੈਸੇ ਵਾਲੇ ਅਮੀਰ ਮੁੰਡੇ ਮਾੜੇ ਗਰੀਬ ਵਿਦਿਆਰਥੀਆਂ ਦੇ ਮਨਾਂ ਵਿਚ ਹੀਣ-ਭਾਵਨਾ ਨਾ ਪੈਦਾ ਕਰਨ। ਓਦੋਂ ਜਿਹੇ ਹੀ ਗ਼ਦਰ ਪਾਰਟੀ ਵਾਲੇ ਬਾਬਿਆਂ ਨੇ ਇਕ 'ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ' ਬਣਾਈ ਸੀ। ਪੰਛੀ ਨੇ ਇਸ ਕਮੇਟੀ ਨੂੰ ਸਹਾਇਤਾ ਲਈ ਚਿੱਠੀ ਲਿਖੀ ਕਿ ਉਹ ਦੇਸ਼ ਭਗਤ ਹੈ ਅਤੇ ਫਸਿਆ ਹੈ। ਕਾ. ਬਚਨ ਸਿੰਘ ਸੈਕਟਰੀ ਵਲੋਂ ਕੁਝ ਸਮੇਂ ਬਾਦ ਮਨੀਆਰਡਰ ਦੁਆਰਾ ਭੇਜੇ ਤਿੰਨ ਰੁਪੈ ਪੰਛੀ ਨੂੰ ਡਾਕਘਰ ਵਾਲੇ ਕਰਮਚਾਰੀ ਨੇ ਚੋਰੀਓਂ ਪੁਚਾ ਦਿਤੇ ਤਾਂ ਜੁ ਡੇਰੇ ਵਿਚ ਵੀ ਪਤਾ ਨਾ ਲੱਗੇ। ਪੈਸੇ ਮਿਲਣ ਤੋਂ ਦੂਜੇ ਦਿਨ ਬਾਦ ਦੌੜ ਗਏ। ਤੀਜੇ ਦਿਨ ਜਥੇਦਾਰ ਗੁਰਮੁਖ ਸਿੰਘ 'ਝੱਬਰ' ਨੇ ਪਿੰਡੋਂ ਜਾ ਕੇ ਵਾਪਸ ਲਿਆਂਦੇ। ਪ੍ਰੀਤਮ ਸਿੰਘ ਕਵੀ ਤੇ ਇਹਨਾਂ ਦੀ ਦੋਹਾਂ ਸਿਰਨਾਂਵੀਆਂ ਦੀ, ਸ੍ਰੀ ਭੈਣੀ ਸਾਹਿਬੋਂ ਛਪਦੇ ਹਫਤਾਵਾਰ "ਸਤਿਜੁਗ" ਵਿਚ ਲਿਖਣ ਦੀ ਜ਼ਿੰਮੇਵਾਰੀ ਹੁੰਦੀ ਸੀ। ਹੌਲੇ ਸਮੇਂ ਕਵੀ ਦਰਬਾਰ ਵਿਚ ਦੋਹਾਂ ਨੂੰ ਇਨਾਮ ਵੀ ਦਿਤਾ ਗਿਆ। ਫਿਰ ਮਾਸਟਰ ਬਲਵੰਤ ਸਿੰਘ ਹੋਰਾਂ ਇਹਨਾਂ ਤੇ ਇਹਨਾਂ ਦੇ ਰੇਡੀਕਲ ਵਿਚਾਰਾਂ ਸਦਕਾ ਫਰਦ ਜੁਰਮ ਲਾ ਦਿਤਾ। ਸ੍ਰੀ ਸਤਿਗੁਰੂ ਜੀ ਨੇ ਵੀ ਮਾਸਟਰ ਹੋਰਾਂ ਦੀ ਪੁਸ਼ਟੀ ਕਰਦਿਆਂ ਕਹਿ ਦਿਤਾ ਕਿ ਇਹ ਸ਼ਕਲਾਂ ਵੇਖਣ ਵਿਚ ਤਾਂ ਭੋਲੀਆਂ ਹਨ ਪਰ ਉਂਝ ਬਦਮਾਸ਼ ਹਨ। ਦੋਹਾਂ ਸਿਰਨਾਵੀਆਂ ਨੂੰ ਤਿੰਨ ਤਿੰਨ ਮਹੀਨੇ ਲਈ ਬੀੜ ਨਾਭੇ ਵਾਲੇ ਅਤੇ ਸਰਹਿੰਦ ਨਹਿਰ ਵਾਲੇ ਡੇਰੇ ਤੇ ਭੇਜ ਕੇ ਖ਼ਿਖੇੜ ਦਿਤਾ ਗਿਆ। ਓਦੋਂ ਜਹੇ ਹੀ ਆਸਟਰੇਲੀਆ ਵਾਲੇ ਚਾਚੇ ਦੇ ਭੇਜੇ ਪੰਜ ਸੌ ਰੁਪੈ ਪੰਛੀ ਹੋਰਾਂ ਨੂੰ ਮਿਲੇ। ਚੱਕਰਵਰਤੀ ਜੀ (ਸੰਤ ਇੰਦਰ ਸਿੰਘ—ਪ੍ਰਸਿਧ ਨਾਮਧਾਰੀ ਸਾਹਿਤਕਾਰ) ਓਦੋਂ ਪ੍ਰੀਤ ਨਗਰ ਰਹਿੰਦੇ ਸਨ। ਉਹਨਾਂ ਪਾਸੋਂ ਚਿਠੀ ਲੈ ਕੇ ਬਨਾਰਸ ਜਾ ਕੇ ਸੰਸਕ੍ਰਿਤ ਪੜ੍ਹਨ ਦੀ ਯੋਜਨਾ ਬਣਾਈ। ਰਾਤ ਨੂੰ ਭੈਣੀ ਸਾਹਿਬਦੇ ਟਿੱਬਿਆਂ ਦੀ ਰੇਤ ਤੇ ਰੇਤ ਅਖਬਾਰ ਪ੍ਰਮੁਖ ਸੁਰਖੀ ਜਮਾਈ, "ਬਦਮਾਸ਼ ਹੁਣ ਕੁਝ ਬਣ ਕੇ ਆਉਣਗੇ। ਭੈਣੀ ਸਾਹਿਬ ਦੇ ਉੱਚੇ ਅਤੇ ਸੁੱਚੇ ਨਾਂ ਨੂੰ ਕਲੰਕਿਤ ਨਹੀਂ ਕਰਾਂਗੇ।" ਸਾਹਨੇਵਾਲ ਤੋਂ ਗੱਡੀ ਫੜੀ ਤੇ ਲਾਹੌਰ ਜਾ ਉਤਰੇ। ਪ੍ਰੀਤ ਨਗਰ ਪਹੁੰਚ ਕੇ... ਤੋਂ ਡਾਗਾ ਲਿਆ। ਮੋਰੋਂ ਆਪਣੀ ਭੈਣ ਦੇ ਘਰ ਚੁਬਾਰੇ ਵਿਚ ਦੋ ਦਿਨ ਸੁਤੇ ਰਹੇ। ਫਿਰ ਜਦੋਂ ਪ੍ਰੀਤ ਨਗਰ ਗਏ ਤਾਂ 'ਚੱਕਰਵਰਤੀ' ਹੋਰਾਂ ਕਿਹਾ ਕਿ ਕੱਲ੍ਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਤੁਹਾਨੂੰ ਲੱਭਦੇ ਹੋਏ ਇਥੇ ਆਏ ਸਨ। ਚੱਕਰਵਰਤੀ ਹੋਰਾਂ, ਜੋ ਪੰਛੀ ਜੀ ਦੇ ਸਾਹਿਤਕ ਗੁਰੂ ਸਨ, ਰਾਇ ਦਿਤੀ ਕਿ ਹੁਣ ਤੁਹਾਡੀ ਆਪਣੇ ਪੰਥ ਵਿਚ ਚੰਗੀ ਪੁੱਛ ਗਿਛ ਹੋਣ ਲਗ ਪਈ ਹੈ, ਇਸ ਲਈ ਵਾਪਸ ਭੈਣੀ ਸਾਹਿਬ ਚਲੇ ਜਾਓ। ਕਵੀ ਜੀ ਦਾ ਪ੍ਰੀਵਾਰ ਸਾਰਾ ਉਥੇ ਹੀ ਸੀ ਸੋ ਉਹਨਾਂ ਨੂੰ ਤਾਂ ਇਹ ਰਾਇ ਜਚ ਗਈ। ਪੰਛੀ ਹੋਰਾਂ ਚਿਠੀ ਬਨਾਰਸ ਲਈ ਚੱਕਰਵਰਤੀ ਜੀ ਤੋਂ ਲਈ ਪਰ ਪੁਜ ਇਹ ਵੀ ਵਾਪਸ ਭੈਣੀ ਸਾਹਿਬ ਗਏ। ਸਤਿਗੁਰੂ ਜੀ ਨੇ ਫੁਰਮਾਇਆ ਕਿ ਤੁਸੀਂ ਸਾਡੇ ਲੀਡਰ ਬਣਨਾ ਹੈ ਇਸ ਲਈ ਇਥੋਂ ਭੱਜੋ ਨਾ। ਅਗਲੇ ਦਿਨ ਛੋਲੇ ਵੱਢਣ ਦਾ ਹੁਕਮ ਲਗ ਗਿਆ ਗੁਰੂਸਰ ਜਾ ਕੇ ਦੋਹਾਂ ਨੂੰ। ਜਦੋਂ ਛੋਲੇ ਵੱਢ ਰਹੇ ਸਨ ਤਾਂ ਸਤਿਗੁਰੂ ਜੀ ਪੁਜੇ। ਕਵੀ ਜੀ ਨੇ ਬੇਨਤੀ ਕੀਤੀ ਆਪਣੇ ਖਾਸ ਅੰਦਾਜ਼ ਵਿਚ, "ਸੱਚੇ ਪਾਤਸ਼ਾਹ ਜੀ! ਛੋਲਿਆਂ ਤੇ ਥੋਹੜਾ ਥੋਹੜਾ ਜਲ ਛਿੜਕਾ ਦਿਓ, ਤਾਂ ਕਿ ਰਤਾ ਕੰਡ ਘਟ ਲੜੇ।" ਕੰਜਰੀਆਂ ਨੂੰ ਪੀਹਣਾ ਪੈ ਗਿਆ ਸੀ, ਸਤਿਗੁਰੂ ਜੀ ਕਵੀ ਜੀ ਦੀ ਬੇਨਤੀ ਤੇ ਪ੍ਰਸੰਨ ਹੋ ਗਏ ਅਤੇ ਸਜ਼ਾ ਖਤਮ ਕਰ ਦਿਤੀ।

੧੯੩੯ ਵਿਚ ਦੁਆਬੇ ਦੇ ਤਿਹਾਏ ਖੇਤਾਂ ਲਈ ਪਾਣੀ ਦੀ ਮੰਗ ਲਈ ਲੱਗੇ ਮੋਰਚੇ ਵਿਚ ਕੈਦ ਕੱਟੀ ਪੰਜਾਬ ਦੀ ਪ੍ਰਸਿਧ ਅਤੇ ਇਤਿਹਾਸਕ ਮੁਲਤਾਨ ਜਿਹਲ ਵਿਚ। ਕਲਸੀਆ ਰਿਆਸਤ ਦੇ ਮੋਰਚੇ ਵਿਚ ਵੀ ਭਾਗ ਲਿਆ। ਵਾਰ ਕੌਂਸਲ ਦਾ ਦਫਤਰ ਅੰਬਾਲਾ ਜ਼ਿਲ੍ਹੇ ਵਿਚ ਬਲਾਚੌਰ ਵਿਖੇ ਸੀ, ਕਾ. ਅਬਦੁਲ ਮਜੀਦ ਇੰਚਾਰਜ ਸੀ।

ਚੱਕਰਵਰਤੀ ਹੋਰਾਂ ਦੀ ਪ੍ਰੇਰਣਾ ਤੇ ਫਿਰ ਸ੍ਰੀ ਭੈਣੀ ਗਏ। ੧੯੪੪ ਤੋਂ ੪੬ ਈ: ਤੱਕ "ਸਤਿਜੁਗ" ਦੀ ਸੰਪਾਦਨਾ ਕੀਤੀ। ਇਸ ਵਿਚ ਪੰਛੀ ਹੋਰਾਂ ਦੇ ਦੱਸਣ ਮੁਤਾਬਿਕ ੨-੩ ਸਫੇ ਹੀ ਨਾਮਧਾਰੀਆਂ ਬਾਰੇ ਹੁੰਦੇ ਸਨ, ਬਾਕੀ ਜਨਰਲ ਪੇਪਰ ਸੀ। ਆਮ ਲੋਕ ਇਸਨੂੰ ਪੜ੍ਹਦੇ ਸਨ। ਨੌਰੰਗ ਸਿੰਘ 'ਤਾਂਘੀ' ਅਤੇ ਉਦਾਸੀ ਸਾਧੂ ਸ਼ਰਧਾ ਨੰਦ ਜਹੇ ਗੈਰ ਨਾਮਧਾਰੀ ਵੀ ਸਤਿਜੁਗ ਦੇ ਸੰਪਾਦਕ ਰਹੇ ਸਨ। ਸੰਤ ਇੰਦਰ ਸਿੰਘ 'ਚੱਕਰਵਰਤੀ' ਦੁਆਰਾ ਸੰਪਾਦਿਤ ਸਤਿਜੁਗ ਦੇ ਬਸੰਤ ਅੰਕਾਂ ਦਾ ਸਾਹਿਤਕ ਹਲਕਿਆਂ ਵਿਚ ਭਰਪੂਰ



Sri Satguru Jagjit Singh Ji eLibrary NamdhariElibrary@gmail.com

ਸੁਆਗਤ ਕੀਤਾ ਜਾਂਦਾ ਸੀ।

੧੯੪੭ ਵਿਚ ਹਫਤਾਵਾਰ "ਪ੍ਰੇਮ ਸੰਦੇਸ਼" ਜੋ ਲਾਹੌਰ ਤੋਂ ਨਿਕਲਣ ਵਾਲਾ ਪ੍ਰਗਤੀਸ਼ੀਲ ਸੁਰ ਵਾਲਾ ਪਰਚਾ ਸੀ ਉਸ ਦੇ ਸੰਪਾਦਕ ਬਣੇ। ਇਥੇ ਹੀ ਇਸ ਪਰਚੇ ਦੁਆਰਾ ਪੰਛੀ ਹੋਰੀਂ ਹਰਨਾਮ ਸਿੰਘ ਨਾਜ਼, ਗੁਰਵੇਲ ਸਿੰਘ ਪੰਨੂ, ਕਿਰਪਾਲ ਸਿੰਘ 'ਆਜ਼ਾਦ', ਅਮਰ ਸਿੰਘ ਉਰਫ ਅਮਰ ਭਾਰਤੀ ਜਹੇ ਲੇਖਕਾਂ ਦੇ ਨੇੜੇ ਆਏ ਅਤੇ ਇਹਨਾਂ ਨੂੰ ਆਪਣੇ ਪਰਚੇ ਵਿਚ ਛਾਪਣਾ ਸ਼ੁਰੂ ਕੀਤਾ। ਲਾਹੌਰ ਵਿਚ ਹੀ ਮਜ਼ਦੂਰਾਂ ਦੀ ਇਕ ਹੜਤਾਲ ਨੂੰ ਆਪਣੇ ਅਖਬਾਰ ਲਈ ਕਵਰ ਕਰਦੇ ਸਮੇਂ ਮਜ਼ਦੂਰਾਂ ਦੇ ਹੱਕ ਵਿਚ ਕੋਈ ਕਾਰਵਾਈ ਕਰਨ ਦਾ ਸਦਕਾ, ਇਕ ਮਹੀਨਾ ਜੇਲ੍ਹ ਵਿਚ ਰਹੇ। ਮੁਲਾਕਾਤ ਕਰਨ ਅਖਬਾਰ ਦਾ ਮਾਲਕ 'ਬਾਵਾ ਹਰਨਾਮ ਸਿੰਘ ਅਤੇ ਅਮਰ ਭਾਰਤੀ ਆਏ। ਦੂਜੀ ਜੇਲ੍ਹ ਯਾਤਰਾ ਜੋ ਇਸ ਤੋਂ ਪਹਿਲਾਂ ਸੀ ਕਿਸਾਨ ਮੋਰਚੇ ਵਿਚ ਉਹ ਛੇ ਮਹੀਨਿਆਂ ਦੀ ਸੀ।

ਲਾਹੌਰ ਵਿਖੇ ਰਹਿੰਦਿਆਂ ਹੀ ਕਮਿਊਨਿਸਟ ਪਾਰਟੀ ਦੀ ਐਕਟਿਵ ਮੈਂਬਰਸ਼ਿਪ ਲੈ ਲਈ ਸੀ। ੧੯੪੯ ਈਸਵੀ ਵਿਚ ਪਾਰਟੀ ਪਰਚਾ "ਜੰਗੇ ਆਜ਼ਾਦੀ" ਉਰਦੂ ਵਿਚ ਅੰਮ੍ਰਿਤ-ਸਰੋਂ ਛਪਦਾ ਸੀ। ਕਾ. ਸੋਹਣ ਸਿੰਘ ਜੋਸ਼, ਕਾ. ਅਰਜਨ ਸਿੰਘ 'ਗੜਗੱਜ' ਦੀ ਸੰਗਤ ਵਿਚ ਇਸ ਪਰਚੇ ਵਿਚ ਕੰਮ ਕੀਤਾ। ਇਹ ਉਹ ਦੌਰ ਸੀ ਜਦੋਂ "ਸੱਤ ਲਈ ਆਖਰੀ ਹੰਭਲਾ" ਕਾ. ਪੀ. ਸੀ. ਜੋਸ਼ੀ ਦਾ ਨਾਹਰਾ ਸੀ। ਇਕ ਦਿਨ ਕਾਮਰੇਡ ਜੋਸ਼ ਪੰਛੀ ਨੂੰ ਅਖਬਾਰ ਲਈ ਡਿਕਟੇਟ ਕਰਵਾ ਰਹੇ ਸਨ। ਇਕ ਦਮ ਪੁਲੀਸ ਦਾ ਛਾਪਾ ਪਿਆ। ਜੋਸ਼ ਤੇ ਗੜਗੱਜ ਹੋਰਾਂ ਨੂੰ ਪੁਲੀਸ ਲੈ ਗਈ। ਪੰਛੀ ਨੂੰ ਇਕ ਕਮਰੇ ਵਿਚ ਬੰਦ ਕਰ ਗਏ। ਪੁਲੀਸ ਵਾਲੇ ਫਿਰ ਆਏ। ਕੁਤਵਾਲੀ ਲੈ ਗਏ। ਡੀ. ਐਸ. ਪੀ. ਉਜਾਗਰ ਸਿੰਘ ਸੀ। ਉਸ ਨੇ ਪੰਛੀ ਨੂੰ ਇਕ ਪਾਸੇ ਬੈਂਚ ਤੇ ਬੈਠਾ ਦਿਤਾ ਅਤੇ ਕਿਹਾ, "ਇਹ ਤੁਹਾਡੇ ਲੀਡਰ ਹੁਣ ੪-੫ ਸਾਲ ਅੰਦਰ ਰਹਿਣਗੇ। ਤੇਰੀ ਪੜ੍ਹਨ ਦੀ ਤੇ ਕੁਝ ਕਰਨ ਦੀ ਉਮਰ ਏ ਜਾਹ ਨਿਕਲ ਜਾਹ।" ਇਹ ਉਥੋਂ ਸਿੱਧੇ ਪ੍ਰਕਾਸ਼ ਪੰਡਤ ਦੇ ਘਰ ਗਏ। ਫਿਰ ਉਹ ਰੂਪ ਧਾਰਿਆ ਜਿਸ ਦਾ ਜ਼ਿਕਰ ਕਵੀ ਜੀ ਕਰ ਚੁਕੇ ਹਨ। ਕੇਸ ਦਾੜ੍ਹੀ ਤੋਂ ਬਗੈਰ ਨਾਮਧਾਰੀ ਅਤੇ ਇਨਕ-ਲਾਬੀ ਸੰਗਰਾਮੀਆਂ। ਜ਼ਿਆਦਾ ਸਮਾਂ ਪਿੰਡ ਹੀ ਬਿਤਾਇਆ। ਸਾਹਿਤਕ ਗਤੀਵਿਧੀਆਂ ਚਲਦੀਆਂ ਰਹੀਆਂ।

ਜਲੰਧਰ ਸ਼ਹਿਰ ਵਿਚ ਸੀ. ਪੀ. ਆਈ. ਦੇ ਦਫਤਰ ਸੈਕਟਰੀ ਉਦੋਂ ਰਹੇ ਜਦੋਂ ਜ਼ਿਲੇ ਦਾ ਸੈਕਟਰੀ ਕਾ. ਸਰਦਾਰਾ ਸਿੰਘ ਸੀ, ਜੋ ਬਾਦ ਵਿਚ ਆਪਣੀ ਰੂਸੀ ਪਤਨੀ ਦੀ ਵਜ੍ਹਾ ਕਰਕੇ ਮਾਸਕੋ ਵਿਖੇ ਹੀ ਜਾ ਟਿਕੇ ਸਨ। ਜਲੰਧਰੋਂ ਸੁਰਿੰਦਰ ਸਿੰਘ ਨਾਲ ਮਿਲ ਕੇ "ਨਵਾਂ ਸਾਹਿਤ" ਨਾਂ ਦੇ ਪਰਚੇ ਦੇ ਤਿੰਨ ਅੰਕ ਵੀ ਕਢੇ। ਫਿਰ ਆਤਮਾ ਰਾਮ ਐਂਡ ਸਨਜ਼ ਦੀ ਪੁਸਤਕਾਂ ਦੀ ਪ੍ਰਸਿਧ ਦੁਕਾਨ ਵਿਖੇ ਦਿੱਲੀ ਨੌਕਰੀ ਕੀਤੀ। ਪਿਆਰਾ ਸਿੰਘ ਸਹਿਰਾਈ ਵੀ ਓਦੋਂ ਇਥੇ ਹੀ ਸਨ। ਫਿਰ ਜਦੋਂ 'ਨਵਾਂ ਜ਼ਮਾਨਾ' ਪੰਜਾਬੀ ਵਚ ਛਪਣਾ ਸ਼ੁਰੂ ਹੋਇਆ ਤਾਂ ਜਲੰਧਰ ਆ ਗਏ। ਸੁਰਜਨ ਜ਼ੀਰਵੀ, ਅਰਜਨ ਸਿੰਘ ਗੜਗੱਜ ਅਤੇ ਕਾ. ਪ੍ਰੇਮ ਸਿੰਘ ਨਾਲ ਇਸ ਵਿਚ ਕੰਮ ਕਰਦੇ ਰਹੇ। ਕਾ. ਜਗਜੀਤ ਸਿੰਘ ਆਨੰਦ ਉਦੋਂ ਅੰਮ੍ਰਿਤਸਰ ਰਹਿੰਦੇ ਸਨ, ਪਰਚੇ ਤੇ ਨਾਂ ਉਹਨਾਂ ਦਾ ਛਪਦਾ ਸੀ। ਪੰਛੀ ਹੋਰੀਂ ਚਾਹੁੰਦੇ ਸਨ ਕਿ ਨਾਂ ਗੜਗੱਜ ਦਾ ਛਪੇ। ਬੱਸ ਐਵੇਂ ਹੀ ਫਿਰ ਮਨ ਮੁਟਾਵ। ਇਥੋਂ ਸੁਆਮੀ ਕੇਸ਼ਵਾ ਨੰਦ ਦੁਆਰਾ ਸਥਾਪਿਤ, ਤੱਤਕਾਲੀਨ ਪੰਜਾਬ ਰਾਜਸਥਾਨ ਸੀਮਾ ਤੇ ਆਬਾਦ ਸੰਗਰੀਆ ਕਸਬੇ ਦੇ ਵਿਦਿਅ ਪੀਠ ਵਿਚ ਪੁਜ ਗਏ। ਇਥੇ ੧੯੫੫ ਤੋਂ ੬੦ ਤਕ ਸਰ ਛੋਟੂ ਰਾਮ ਮਿਊਜ਼ੀਅਮ ਦੇ ਕਿਊਰੇਟਰ ਰਹੇ। ਕਹਾਣੀਆਂ, ਲੇਖ ਲਿਖਦੇ ਰਹੇ।

੧੯੬੦ ਤੋਂ ੬੨ ਤਕ ਫਿਰ ਜਲੰਧਰ ਆ ਕੇ 'ਅਜੀਤ' ਪੰਜਾਬੀ ਦੈਨਿਕ ਵਿਚ ਕੰਮ ਕੀਤਾ। ਇਕ ਸਾਲ 'ਵੀਰ ਪ੍ਰਤਾਪ' ਹਿੰਦੀ ਵਿਚ ਵੀ ਲਾਇਆ। ਦਿੱਲੀ ਤੋਂ ਸੁਆਮੀ ਸ਼ਰਧਾਨੰਦ ਦਾ ਅਖਬਾਰ "ਵੀਰ ਅਰਜਨ" ਹਿੰਦੀ ਵਿਚ ਛਪਦਾ ਸੀ। ਇਸ ਦਾ ਇੰਚਾਰਜ ਅਯੁਧਿਆ ਪ੍ਰਸਾਦ ਸੀ ਜੋ ਪਹਿਲਾਂ 'ਨਵਾਂ ਜ਼ਮਾਨਾ' ਵਿਚ ਰਹਿ ਚੁਕਾ ਸੀ। ਉਹਨੇ ਅਖਬਾਰ ਦੇ ਮਾਲਕ ਕੇ. ਨਰਿੰਦਰ ਨਾਲ ਗੱਲ ਕਰਕੇ ਪੰਛੀ ਹੋਰਾਂ ਨੂੰ ਇਸ ਵਿਚ ਲੈ ਆਂਦਾ। ੧੯੯੦ ਈਸਵੀਂ ਵਿਚ ਹੜਤਾਲ ਕਾਰਨ ਅਖਬਾਰ ਦੇ ਬੰਦ ਹੋਣ ਤਕ ਇਸ ਵਿਚ ਹੀ ਰਹੇ। ਫਿਰ ਇਕ ਛੋਟਾ ਜਿਹਾ ਆਪਣਾ ਪ੍ਰੈਸ ਲਾ ਕੇ "ਸਫਰ" ਨਾਂ ਦਾ ਮਾਸਿਕ ਪਰਚਾ ਸ਼ੁਰੂ ਕੀਤਾ। ਪਰ ਜ਼ਿਆਦਾ ਦੇਰ ਚਲ ਨਾ ਸਕਿਆ। ਇਸ ਤੋਂ ਬਾਦ ਲੰਮਾ ਸਮਾਂ ਦਿੱਲੀਓਂ ਛਪਦੇ "ਪੰਜਾਬੀ ਡਾਇਜੈਸਟ" ਦੇ ਸੰਪਾਦਕ ਰਹੇ। ਦਿੱਲੀ ਤੋਂ ਹੀ ਪ੍ਰੋ. ਰਾਮ ਸਿੰਘ ਹੋਰਾਂ ਪ੍ਰਿੰਸੀਪਲ ਨਿਰੰਜਨ ਸਿੰਘ ਹੋਰਾਂ ਦੇ ਚੇਲਿਆਂ ਨਾਲ ਰਲ ਕੇ "ਨਵੀਆਂ ਕੀਮਤਾਂ" ਨਾਂ ਦਾ ਮਾਸਿਕ ਕਢਿਆ। ਇਸ ਵਿਚ ਪ੍ਰੋ. ਸਾਹਿਬ



Sri Satguru Jagjit Singh Ji eLibrary NamdhariElibrary@gmail.com

ਦੇ ਸਹਾਇਕ ਵਜੋਂ ਕੰਮ ਕੀਤਾ। ਪੰਛੀ ਜੀ ਦੀ ਸਾਹਿਤਕਾਰ ਧਰਮ ਪਤਨੀ ਸ਼ਾਂਤਾ ਪ੍ਰੀਤਮ ਦਾ ੧੯੯੬ ਵਿਚ ਨਿਧਨ ਹੋ ਗਿਆ। ਅੱਜ ਕਲ੍ਹ ਦੇਸ਼ ਦੀ ਰਾਜਧਾਨੀ ਵਿਚ ਹੀ ਟਿਕੇ ਹੋਏ ਹਨ।

ਇਹ ਪੁਛੇ ਜਾਣ ਤੇ ਕਿ ਤੁਸੀਂ ਕਿਨ੍ਹਾਂ ਕਿਨ੍ਹਾਂ ਸਾਹਿਤਕਾਰਾਂ ਦਾ ਪ੍ਰਭਾਵ ਕਬੂਲਿਆ ਹੈ, ਉਹਨਾਂ ਟਾਲਸਟਾਏ, ਗੋਰਕੀ, ਚੇਖਵ ਅਤੇ ਪ੍ਰੇਮ ਚੰਦ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਪ੍ਰੇਮ ਚੰਦ ਪੜ੍ਹ ਕੇ ਨਾਨਕ ਸਿੰਘ ਫਿੱਕਾ ਫਿੱਕਾ ਲਗਦਾ ਹੈ। ਉਸ ਦੀ ਰਚਨਾ ਵਿਚ ਅੱਜ ਵੀ ਪਹਿਲੋਂ ਜਿਹੀ ਤਾਜ਼ਗੀ ਹੈ।

ਪ੍ਰੀਤਮ ਸਿੰਘ ਪੰਛੀ ਨੇ ਆਪਣਾ ਪਹਿਲਾ ਕਹਾਣੀ ਸੰਗ੍ਰਹਿ "ਨੰਗੀਆਂ ਕਬਰਾਂ" ੧੯੪੯ ਵਿਚ ਛਾਪਿਆ। ਇਹ ਸਾਰੀਆਂ ਕਹਾਣੀਆਂ ਵੰਡ ਬਾਰੇ ਸਨ। ਇਸ ਵਿਚੋਂ ਕੁਝ ਕਹਾਣੀਆਂ ਪੋਲੈਂਡ ਦੀ ਇਕ ਪ੍ਰੋਫੈਸਰ ਨੇ ਵੰਡ ਬਾਰੇ ਆਪਣੇ ਸੰਪਾਦਿਤ ਕਹਾਣੀ ਸੰਗ੍ਰਹਿ ਲਈ ਚੁਣ ਲਈਆਂ। ੧੯੫੩ ਵਿਚ ਦੂਜਾ ਕਹਾਣੀ ਸੰਗ੍ਰਹਿ "ਡਾਕ ਪੱਥਰ" ਆਇਆ, ਜਿਸ ਵਿਚ ਸਮਾਜਿਕ ਆਰਥਿਕ ਮਸਲਿਆਂ ਬਾਰੇ ਕਹਾਣੀਆਂ ਸਨ। ਫਿਰ "ਘੁੰਗਰੂ ਤੇ ਹੋਰ ਕਹਾਣੀਆਂ" ਆਇਆ। "ਘੁੰਗਰੂ" ਅਮਨ ਲਹਿਰ ਬਾਰੇ ਸੀ, ਉਚ ਕੋਟੀ ਦੀ ਕਹਾਣੀ, ਜਿਹੜੀ ਅੰਗਰੇਜ਼ੀ ਤੋਂ ਇਲਾਵਾ ਭਾਰਤੀ ਭਾਸ਼ਾਵਾਂ ਵਿਚ ਵੀ ਅਨੁਵਾਦਿਤ ਹੋ ਚੁਕੀ ਹੈ। ਪ੍ਰੀਤਮ ਸਿੰਘ ਪੰਛੀ ਦੁਆਰਾ ਅਨੁਵਾਦਿਤ ਪੁਸਤਕਾਂ ਵਿਚ ਸ਼ਾਮਲ ਹਨ—ਰਾਹੁਲ ਦੀ 'ਬਾਈਸਵੀਂ ਸਦੀ' ਕਲਾਰਾ ਜ਼ੇਟਕਿਨ ਦਾ "ਕੋਲੋਂ ਤੱਕਿਆ ਲੈਨਿਨ", ਮਰਾਠੀ ਨਾਵਲ "ਵਨਗਰਵਾੜੀ", ਭਾਰਤ ਦੀ ਆਜ਼ਾਦੀ ਤੇ ਰੂਸ ਦਾ ਇਨਕਲਾਬ, ਬਾਬਾ ਪ੍ਰਿਥਵੀ ਸਿੰਘ, ਕਿੰਨਾ ਸੋਹਣਾ ਦੇਸ਼ ਸਾਡਾ, ਭਾਰਤ ਦੇ ਹਰੇਕ ਪ੍ਰਦੇਸ ਦੀਆਂ ਲੋਕ ਕਹਾਣੀਆਂ ਦੀਆਂ ਪੰਜਾਹ ਸੰਚੀਆਂ ਦੇ ਅਨੁਵਾਦ ਜੋ ਬਕੌਲ ਪੰਛੀ ਜੀ ਪਿਛਲੇ ਤੀਹ ਵਰ੍ਹਿਆਂ ਤੋਂ ਆਤਮਾ ਰਾਮ ਐਂਡ ਸਨਜ਼ ਦੀ ਅਲਮਾਰੀ ਵਿਚ ਬੰਦ ਪ੍ਰਕਾਸ਼ਨ ਦਾ ਰਾਹ ਵੇਖ ਰਹੇ ਹਨ। ਉਹਨਾਂ ਦੀਆਂ ਹਿੰਦੀ ਰਚਨਾਵਾਂ ਵਿਚ "ਗ਼ਦਰ ਪਾਰਟੀ ਕਾ ਇਤਿਹਾਸ" ਬਾਬਾ ਸੋਹਨ ਸਿੰਘ ਭਕਨਾ ਦੀਆਂ ਡਾਇਰੀਆਂ ਤੇ ਅਧਾਰਿਤ ਹੈ, ਗ਼ਦਰ ਕੀ ਗੂੰਜ, ਭਾਈ ਵੀਰ ਸਿੰਘ ਹੋਰਾਂ ਤੇ 'ਰਾਸ਼ਟਰ ਭਾਸ਼ਾ ਪ੍ਰਚਾਰ ਸਮਿਤੀ, ਵਰਧਾ" ਵਲੋਂ ਪੁਸਤਕ ਲਿਖ ਦੀ ਗਈ, ੧੯੫੪-੫੫ ਵਿਚ "ਜ਼ਮੀਨ ਕਾ ਟੁਕੜਾ" ਕਹਾਣੀ ਸੰਗ੍ਰਹਿ, ਦੋ ਭਾਗਾਂ ਵਿਚ "ਹਮਾਰੀ ਲੋਕ ਕਥਾਏਂ", ਹੰਸ ਰਾਜ ਰਹਿਬਰ ਨਾਲ ਮਿਲ ਕੇ "ਪੰਜਾਬ ਕੀ ਲੋਕ ਕਥਾਏਂ" ਅਤੇ "ਲਾਖ ਸੇ ਊਪਰ ਕਾ ਆਦਮੀ" ਵਿਅੰਗ ਸੰਗ੍ਰਹਿ ਸ਼ਾਮਲ ਹੈ। ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਸਮਿਤੀ, ਨਵੀਂ ਦਿੱਲੀ ਵਲੋਂ "ਦਮਨ ਚੱਕਰ ਕੇ ਪਚਾਸ ਵਰਸ਼" ਕੁਰਬਾਨੀਆਂ ਭਰੇ ਕੂਕਾ ਇਤਿਹਾਸ ਤੇ ਇਕ ਬਿਹੰਗਮ ਦ੍ਰਿਸ਼ਟੀ ਸੁਟਦਾ ਹੈ।

ਇਸ ਤਰ੍ਹਾਂ ਦੇ ਵਿਸ਼ਾਲ ਜੀਵਨ ਅਨੁਭਵ ਵਾਲਾ ਲੇਖਕ ਜਦੋਂ ਆਪਣੇ ਆਪ ਤੇ ਆਪਣੇ ਚੌਗਿਰਦੇ ਬਾਰੇ ਲਿਖੇਗਾ ਤਾਂ ਭਲਾ ਕਿਤਾਬ ਪੜ੍ਹਨ ਯੋਗ ਕਿਉਂ ਨਾ ਹੋਵੇਗੀ। ਉਸ ਦਾ ਐਨੀਆਂ ਥਾਵਾਂ ਤੇ ਏਨੇ ਵਿਵਿਧ ਰੂਪਾਂ ਵਿਚ ਵਿਚਰਨਾ ਦੱਸਦਾ ਹੈ ਕਿ ਸੱਚ ਲਈ ਉਸ ਦੀ ਖੋਜ ਕਦੇ ਪੂਰੀ ਨਹੀਂ ਹੋਈ। ਨਿਰੰਤਰ ਜਾਰੀ ਰਹੀ। ਸ਼ਾਇਦ ਉਸ ਨੂੰ ਪ੍ਰੋਫੈਸਰ ਮੋਹਨ ਸਿੰਘ ਹੋਰਾਂ ਦਾ ਇਹ ਸ਼ੇਅਰ ਰਾਸ ਆਇਆ ਹੈ:

"ਪੂਰੀ ਸ਼ੈ ਨੂੰ ਡਰ ਘਾਟੇ ਦਾ
ਡ ਨਾ ਅੱਧੀ ਤਾਈਂ।
ਰੱਬਾ ਪਿਆਰ ਮੇਰੇ ਦੀ ਮੰਜ਼ਿਲ
ਪੂਰੀ ਕਦੇ ਨਾ ਹੋਵੇ।"

ਪੰਛੀ ਦਾ ਮੁਹਾਵਰਾ ਆਪਣਾ ਹੈ, ਸ਼ੈਲੀ ਆਪਣੀ ਹੈ ਅਤੇ ਵਾਰਤਕ ਇਸ ਤਰ੍ਹਾਂ ਦੀ ਹੈ ਕਿ ਇਹਨੂੰ ਪਛਾਣਿਆ ਜਾ ਸਕਦਾ ਹੈ। ਭਾਵੇਂ ਉਸ ਤੇ ਪ੍ਰਭਾਵ ਹਿੰਦੁਸਤਾਨ ਤੋਂ ਲੈ ਕੇ ਦੁਨੀਆ ਭਰ ਤੱਕ ਦੇ ਰਚਨਾਕਾਰਾਂ ਦੇ ਪਏ, ਪਰ ਉਹਨੇ ਐਨ ਹੂ-ਬਹੂ ਕਿਸੇ ਦੀ ਵੀ ਸ਼ੈਲੀ ਜਾਂ ਢੰਗ ਦੀ ਨਕਲ ਨਹੀਂ ਕੀਤੀ। ਉਸ ਦੀ ਲਿਖਤ ਦਾ ਚਿਹਰਾ-ਮੋਹਰਾ ਨਿਰੋਲ ਆਪਣਾ ਹੈ। ਉਸ ਦੀ ਸਹਿਮਤੀ ਹੈ ਰਸੂਲ ਹਮਜ਼ਾਤੋਵ ਦੇ ਇਸ ਕਥਨ ਨਾਲ —

"ਮੇਰਾ ਹੋਰ ਕਿਸੇ ਨਾਲ ਮੁਹਾਂਦਰਾ ਨਹੀਂ ਮਿਲਣਾ ਚਾਹੀਦਾ। ਉਮਰ, ਪੁਸ਼ਕਿਨ ਜਾਂ ਬਾਇਰਨ ਨਾਲ ਵੀ ਨਹੀਂ।"

ਆਪਣੇ ਜੀਵਨ ਮਨੋਰਥ ਨਾਲ, ਜੋ ਕੂਕਿਆਂ ਅਤੇ ਕਿਰਤੀਆਂ ਗ਼ਦਰੀਆਂ ਦੀਆਂ ਕੁਰਬਾਨੀਆਂ ਦੀ ਰੌਸ਼ਨੀ ਵਿਚ ਘੜਿਆ ਗਿਆ ਸੀ। ਇਕ ਸਮਤਾ-ਪੂਰਵਕ ਭਾਈਚਾਰੇ ਦੇ ਨਿਰਮਾਣ ਲਈ ਤਾਂ ਉਮਰ ਜਦੋ-ਜਹਿਦ, ਇਸ ਨੂੰ ਆਪਣੇ ਕਰਤੱਵਾਂ ਅਤੇ ਕਲਮ ਨਾਲ ਪੰਛੀ ਹੋਰਾਂ ਤਕਰੀਬਨ ਨਿਭਾਅ ਦਿਤਾ ਹੈ। ਆਪਣੇ ਜੀਵਨ ਸੰਗਰਾਮ ਦਾ ਮੰਤਵ ਸਪਸ਼ਟ



Sri Satguru Jagjit Singh Ji eLibrary NamdhariElibrary@gmail.com

ਕਰਨ ਲਈ, ਉਹ ਆਰੰਭ ਵਿਚ ਹੀ ਮਲਿਆਲੀ ਲੇਖਕ ਟੀ. ਪਦਮਨਾਭਨ ਦੀਆਂ ਟੂਕਾਂ ਨੂੰ ਉਦਰਿਤ ਕਰਦੇ ਹਨ—

"ਇਕ ਸੱਚਾ ਸਾਹਿਤਕਾਰ ਜਾਂ ਕਲਾਕਾਰ ਹਮੇਸ਼ਾ ਅਸੰਤੁਸ਼ਟ ਰਹਿਣ ਲਈ ਮਜਬੂਰ ਹੈ। ਅਵਿਸ਼ਵਾਸ ਅਤੇ ਕਿੰਤੂ ਕਰਨ ਦੀ ਪ੍ਰਵਿਰਤੀ ਨਾਲ ਹੀ ਉਸਦੀਆਂ ਰਚਨਾਵਾਂ ਜਨਮ ਲੈਂਦੀਆਂ ਹਨ।"

"ਈਮਾਨਦਾਰੀ ਨਾਲ ਲਿਖਣਾ ਇਹੋ ਸਾਹਿਤਕਾਰ ਦਾ ਚਿਰ-ਕਾਲ ਤੋਂ ਦੂਤ-ਕਾਰਜ ਹੈ। ਲਾਭ-ਹਾਨੀ ਦੇਖ ਕੇ ਉਸ ਮੁਤਾਬਿਕ ਰਾਇ ਨਹੀਂ ਦੇਣੀ ਚਾਹੀਦੀ। ਆਪਣੇ ਦਿਲੋਂ ਉਸ ਨੂੰ ਹਮੇਸ਼ਾ ਨਿਆਂ ਕਰਨਾ ਚਾਹੀਦਾ ਹੈ। ਲੇਖਕ ਕਦੇ ਵੀ ਆਪਣੇ ਆਪ ਨੂੰ ਵਿਕਰੀ ਦਾ ਮਾਲ ਨਾ ਬਣਾਏ। ...ਵਿਚਾਰ ਅਤੇ ਵਿਹਾਰ ਦੀ ਸ਼ੁਧਤਾ ਅੱਜ ਨਸ਼ਟ ਹੋ ਚੁਕੀ ਹੈ। ਹਰ ਪਾਸੇ ਮੁਖੌਟੇ ਹੀ ਨਜ਼ਰ ਆਉਂਦੇ ਹਨ।"

ਇਸ ਆਤਮ ਬਿਰਤਾਂਤਕ ਰਚਨਾ ਦੇ ਕੁਲ ੨੯ ਕਾਂਡ ਹਨ, ਜਿਨ੍ਹਾਂ ਦੇ ਵਖ ਵਖ ਹੈਡਿੰਗ ਹਨ—ਪਹਿਲਾ ਸਬਕ, ਪ੍ਰੀਤਮ ਮਿਲਨ, ਖਿੰਡੇ ਸੂਤਰਾਂ ਨੂੰ ਜੋੜਿਆ, ਭਵ ਸਾਗਰ ਅਤੇ ਭੇਤ ਭਰੇ ਸੰਨਿਆਸੀ, ਜ਼ਮੀਨ ਦੋਜ਼ ਅਖ਼ਬਾਰ, ਨਵਾਂ ਵਰੰਟ, ਨਵਾਂ ਕਰਮ ਖੇਤਰ ਅਤੇ ਆਖਰੀ ਸਬਕ ਵਗੈਰਾ ਵਗੈਰਾ—ਪਰ ਜੇ ਇਹਨਾਂ ਨੂੰ ਵੱਖੋ ਵੱਖ ਪੜ੍ਹੀਏ ਤਾਂ ਇਨ੍ਹਾਂ ਨੂੰ ੨੯ ਵਖ ਵਖ ਕਹਾਣੀਆਂ ਵੀ ਕਿਹਾ ਜਾ ਸਕਦਾ ਹੈ। ਕਿਤੋਂ ਵੀ ਕੋਈ ਕਹਾਣੀ ਪੜ੍ਹੀ ਜਾ ਸਕਦੀ ਹੈ। ਗ਼ਜ਼ਲ ਦੇ ਹਰ ਸ਼ੇਅਰ ਜਿਉਂ ਸੁਤੰਤਰ। ਜੇ ਸਾਰੀਆਂ ਇਕੱਠੀਆਂ ਪੜ੍ਹੀਏ ਤਾਂ ਪੂਰੇ ਦਾ ਪੂਰਾ ਨਾਵਲ। ਇਸ ਤਰ੍ਹਾਂ ਦੀ ਨਾਵਲ ਦੀ ਵਿਧਾ ਦਾ ਪੰਜਾਬੀ ਵਿਚ ਸਫਲ ਨਿਭਾਅ ਮੈਂ ਸਮਝ ਰਿਹਾ ਹਾਂ ਕਿ ਪਹਿਲੀ ਵੇਰ ਕੀਤਾ ਗਿਆ ਹੈ।

ਵਾਤਾਵਰਣ ਦੀ ਉਸਾਰੀ ਵਿਚ ਜੇ ਵਾਧੂ ਲੱਗ-ਲਪੇਟ ਤੋਂ ਕੰਮ ਲਿਆ ਜਾਵੇਗਾ ਤਾਂ ਕਾਫੀ ਖਲਾਰਾ ਵਧ ਜਾਂਦਾ ਹੈ। ਪਹਿਲੇ ਅਧਿਆਏ ਦੇ ਪਹਿਲੇ ਦੋ ਪਹਿਰੇ ਇਸ ਪ੍ਰਸੰਗ ਵਿਚ ਸੌ ਫੀਸਦੀ ਦਰੁਸਤ ਹਨ—

"ਇਹ ਭੈਣੀ ਸਾਹਿਬ ਸੀ। ਕੂਕੇ ਮਰਜੀਵੜਿਆਂ ਦਾ ਧਰਮ ਤੇ ਕਰਮ ਅਸਥਾਨ। ਰੇਤਲੇ ਟਿੱਬਿਆਂ ਵਿਚ ਘਿਰਿਆ ਹੋਇਆ ਇਕ ਛੋਟਾ ਜਿਹਾ ਪਿੰਡ।

ਏਥੇ ਬਾਰਾਂਮਾਸੀ ਹਨੇਰੀਆਂ ਝੁਲਦੀਆਂ ਰਹਿੰਦੀਆਂ। ਰੇਤ ਦੇ ਛੋਟੇ ਛੋਟੇ ਟਿੱਬਿਆਂ ਵਿਚ ਘਿਰੀ ਭੈਣੀ ਸਾਹਿਬ ਦੀ ਰਾਮਸਰ ਬਸਤੀ ਨਾ ਪਿੰਡ ਸੀ ਨਾ ਸ਼ਹਿਰ। ਸੰਘਣੇ ਰੁੱਖਾਂ ਵਿਚ ਘਿਰੇ ਕੱਚੇ ਕੋਠਿਆਂ ਦਾ ਇਕ ਸਮੂਹ ਜਿਹਾ ਸੀ, ਜਿਥੇ ਕੁਝ ਸੌ ਰਹਿੰਦੇ ਬੰਦੇ ਬਾਕੀ ਲੋਕਾਂ ਨਾਲੋਂ ਵੱਖਰੇ ਵੱਖਰੇ ਲਗਦੇ ਸਨ। ਉਹ ਇਸ ਧਰਤੀ ਤੇ ਰਹਿਣ ਵਾਲੇ ਬੰਦਿਆਂ ਨਾਲੋਂ ਆਪਣੇ ਆਪ ਨੂੰ ਉੱਚਾ ਸਮਝਣ ਦਾ ਦਾਅਵਾ ਕਰਦੇ ਸਨ। ਉਨ੍ਹਾਂ ਦੀ ਹਰ ਗੱਲ ਦੁਨੀਆਂ ਤੋਂ ਨਿਰਾਲੀ ਸੀ।"

ਸਕੂਲ ਦੇ ਮਾਹੌਲ ਨੂੰ ਨਿਕੇ ਨਿਕੇ ਵਿਅੰਗਮਈ ਵਾਕਾਂ ਦੀ ਮਦਦ ਨਾਲ ਸਿਰਜਿਆ ਗਿਆ ਹੈ। ਇਕ ਪਿਓ ਤੋਂ ਬਾਹਰਾ, ੧੦-੧੨ ਸਾਲਾਂ ਦਾ ਬਾਲਕ ਨਵੇਂ ਥਾਂ ਆ ਕੇ, ਜਿਥੇ ਸਾਰੀ ਦੁਨੀਆਂ ਹੀ ਨਵੀਂ ਹੈ, ਓਦਰੇਗਾ ਨਹੀਂ ਤਾਂ ਹੋਰ ਕੀ ਕਰੇਗਾ? ਪਰ ਏਥੇ ਦੀ ਰੀਤ ਅਨੁਸਾਰ ਓਦਰਨਾ ਮਨ੍ਹਾਂ ਸੀ।" "ਮੈਂ ਏਨਾ ਜ਼ਰੂਰ ਸਮਝ ਗਿਆ ਸੀ, ਏਥੋਂ ਦੀ ਹਰ ਚੀਜ਼ ਮੇਰੇ ਪਿੰਡ ਨਾਲੋਂ ਵੱਖਰੀ ਸੀ। ਨਾਵਾਂ ਥਾਵਾਂ ਅਤੇ ਖਾਣ-ਪਹਿਨਣ ਤੋਂ ਲੈਕੇ ਬੋਲ-ਚਾਲ ਦਾ ਢੰਗ ਤਕ ਅਲੱਗ ਸੀ।" ਮਾਸਟਰਾਂ ਤੋਂ ਕੁੱਟ ਪੈਣ ਤੇ ਉਹ ਰੋ ਪੈਂਦਾ ਤਾਂ ਉਸ ਨੂੰ ਦੂਜਾ ਪ੍ਰੀਤਮ ਡੋਰੀਵਾਲਾ (ਹੁਣ ਪ੍ਰੀਤਮ ਸਿੰਘ ਕਵੀ) ਕਹਿੰਦਾ ਹੈ, "ਤੂੰ ਰੋ ਪਿਆ ਸੀ? ਤੂੰ ਅਜੇ ਮਾਰ ਖਾਣ ਦਾ ਆਦੀ ਨਹੀਂ ਹੋਇਆ।" "ਉਸ ਦਿਨ ਤੋਂ ਮੈਂ ਮਨ ਹੀ ਮਨ ਮਾਰ ਖਾਣ ਦਾ ਆਦੀ ਬਨਣ ਦੀ ਪੱਕੀ ਧਾਰ ਲਈ ਸੀ।"

ਬੱਚਿਆਂ ਨੂੰ ਕੁਝ ਸਖਤ ਅਧਿਆਪਕ ਜਦੋਂ ਸਰੀਰਕ ਦੰਡ ਦਿੰਦੇ ਹਨ ਤਾਂ ਉਹਨਾਂ ਲਈ ਸਹਾਰੇ ਦੇ ਰੂਪ ਵਿਚ ਮਾਤਾ ਜੀਵਨ ਕੌਰ ਜੀ ਪੁਜਦੇ ਹਨ—

"ਸਵੇਰ ਸਾਰ ਜਗਤ ਮਾਤਾ ਆ ਗਈ। ਗੁਰੂਦੇਵ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਦੀ ਮਾਤਾ ਨੂੰ ਸਾਰੇ 'ਜਗਤ ਮਾਤਾ' ਕਹਿੰਦੇ। ਭਾਰੀ ਦੇਹ ਅਤੇ ਲੰਮੇ ਚੋਲੇ ਵਿਚ ਅਜੀਬ ਪ੍ਰਭਾਵ ਪੈਂਦਾ। ਅੰਦਰਲੀ ਘੁਟਨ ਨੂੰ ਰਾਹਤ ਮਹਿਸੂਸ ਹੁੰਦੀ। ਬੱਚਿਆਂ ਨੇ ਉਹਨਾਂ ਨੂੰ ਘੇਰੇ ਵਿਚ ਲੈ ਲਿਆ ਸੀ।"

ਸਤਿਗੁਰੂ ਜੀ ਅਕਸਰ ਦੌਰੇ ਤੇ ਰਹਿੰਦੇ। ਡੇਰੇ ਦੇ ਪ੍ਰਬੰਧਕਾਂ ਦੇ ਕੁਝ ਆਪਸੀ ਝਗੜੇ ਸਨ। ਵਿਦਿਆਰਥੀਆਂ ਨੂੰ ਪਿੰਡ ਭੈਣੀ ਸਾਹਿਬ ਜਾਂ ਗੁਆਢੀ ਪਿੰਡਾਂ ਵਿਚ ਘੁੰਮਣ ਦੀ ਮਨਾਹੀ ਸੀ। ਬਦਲਦੇ ਮੌਸਮ ਤਾਪ ਸਰਾਪ ਵੀ ਲਿਆਉਂਦੇ। ਇਹੋ ਜਿਹੇ ਸਮੇਂ ਬਹੁਤ ਸਾਰੇ ਬੱਚੇ ਓਦਰਕੇ ਏਥੋਂ ਆਪਣੇ ਮਾਂ-ਪਿਓ ਪਾਸ ਨੱਸ ਜਾਂਦੇ ਜਾਂ ਉਹ ਆ ਕੇ



Sri Satguru Jagjit Singh Ji eLibrary NamdhariElibrary@gmail.com

ਲੈ ਜਾਂਦੇ। ਇਸ ਤਰ੍ਹਾਂ ਦੇ ਅਫ਼ਰਾ-ਤਫ਼ਰੀ ਭਰੇ ਮਾਹੌਲ ਦਾ ਜ਼ਿਕਰ ਇਉਂ ਕੀਤਾ ਗਿਆ ਹੈ—

"ਸੇਵਾਦਾਰ ਬੇ-ਲਗਾਮ ਹੋ ਗਏ ਸਨ। ਉਹ ਜਗਤ ਮਾਤਾ ਨੂੰ ਵੀ ਨਾ ਗੌਲਦੇ। ਕਦੇ ਕੋਈ ਮੁੱਛਲ ਆਉਂਦਾ, ਮੁੰਡਿਆਂ ਦੀ ਧੁਨਾਈ ਕਰਕੇ ਚਲਦਾ ਬਣਦਾ। ਉਹ ਜਗਤ ਮਾਤਾ ਤੱਕ ਸ਼ਿਕਾਇਤ ਵੀ ਨਾ ਪੁਜਣ ਦਿੰਦੇ।"

ਫਿਰ ਜਦੋਂ ਇਹ ਫੈਸਲਾ ਹੋਇਆ ਕਿ ਸਕੂਲ ਬਾਰਾਂ ਵਰ੍ਹਿਆਂ ਤੱਕ ਚੱਲੇਗਾ ਅਤੇ ਜਿਹੜਾ ਵਿਦਿਆਰਥੀ ਏਥੇ ਰਹੇਗਾ ਉਹ ਬਾਰਾਂ ਸਾਲਾਂ ਤੋਂ ਪਹਿਲਾਂ ਨਹੀਂ ਛੱਡੇਗਾ ਇਸਨੂੰ। ਓਦੋਂ ਵੀ ਕਈ ਮੁੰਡੇ ਘਰ ਟੁਰ ਗਏ, ਪਰ ਲੇਖਕ ਦੀ ਮਾਤਾ ਨਹੀਂ ਆਉਂਦੀ। ਉਹ ਆਪਣੇ ਪੁੱਤਰ ਨੂੰ ਕੁਝ ਬਣਿਆ ਵੇਖਣਾ ਲੋਚਦੀ ਹੈ। ਭੈਣੀ ਸਾਹਿਬ ਡੇਰੇ ਦੇ ਮੁਖ਼ਤਾਰਾਂ ਦੇ ਪਾਤਰ ਚਿਤਵਣ ਵਿਚ, ਜਥੇਦਾਰ ਗੁਰਮੁਖ ਸਿੰਘ 'ਝੱਬਰ' ਦੀ ਵਿਲੱਖਣਤਾ ਨੂੰ, ਬਰਕਰਾਰ ਰਖਿਆ ਗਿਆ ਹੈ—

"ਰਖਵਾਲਾ ਸਰਦਾਰ ਹੁਣ ਆਪਣੇ ਪਿੰਡ ਤੋਂ ਘਟ ਵਧ ਹੀ ਆਉਂਦਾ। ਰਾਮਸਰ ਦਾ ਵੱਡਾ ਮੁਖ਼ਤਾਰ ਹੁਣ 'ਝੱਬਰ' ਹੋ ਗਿਆ ਸੀ। ਸਕੂਲ ਵਿਚ ਉਸ ਦਾ ਦਖ਼ਲ ਵਧ ਗਿਆ ਸੀ। ਝੱਬਰ ਦੇ ਆਉਣ ਨਾਲ ਸੇਵਾਦਾਰਾਂ ਦੇ ਝਗੜੇ ਖ਼ਤਮ ਹੋ ਗਏ ਸਨ। ਉਹ ਜ਼ੋਰਾਵਰ ਨਿਕਲਿਆ ਸੀ, ਜੋ ਆਉਂਦਿਆਂ ਹੀ ਸਾਰਿਆਂ ਤੇ ਛਾ ਗਿਆ ਸੀ।"

ਸ੍ਰ. ਕੇਹਰ ਸਿੰਘ ਰਾਖਵਾਲਾ, ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਹੱਥ ਡੇਰੇ ਦਾ ਪ੍ਰਬੰਧ ਸੌਂਪਣ ਦਾ ਵਰਣਨ ਵੀ ਮਿਲਦਾ ਹੈ। ਮਾਸਟਰ ਦੁਹੇਲ ਸਿੰਘ (ਸੁਹਾਵਾ ਸਿੰਘ) ਦੀ ਸਖ਼ਤੀ ਦੇ ਪ੍ਰਤੀਕਰਮ ਵਜੋਂ ਪੰਛੀ ਦੀ ਆਤਮਦਾਹ ਦੀ ਧਮਕੀ ਨੂੰ ਸਤਿਗੁਰੂ ਜੀ ਨੇ ਕਾਫੀ ਗੰਭੀਰਤਾ ਨਾਲ ਲਿਆ ਅਤੇ ਇਹਨਾਂ ਵਿਚ ਛਿਪੀ ਲੇਖਕ ਪ੍ਰਤਿਭਾ ਨੂੰ ਪਛਾਣਕੇ ਇਹਨਾਂ ਨੂੰ ਲਿਖਣ ਲਈ ਖੁਲ੍ਹੇ ਗੱਫੇ ਕਾਗਜ਼ਾਂ ਕਲਮਾਂ ਦੇ ਦੇਣ ਦਾ ਹੁਕਮ ਦੇ ਦਿਤਾ। ਇਉਂ "ਰੇਤ ਅਖ਼ਬਾਰ" ਦੀ ਥਾਂ ਜੋ ਟਿੱਬੇ ਤੇ ਹੱਥ ਨਾਲ ਲਿਖਿਆ ਜਾਂਦਾ ਸੀ, "ਪਿਆਰਾ" ਨਾਂ ਦਾ ਚੋਖੀ ਪ੍ਰਸਿਧੀ ਪ੍ਰਾਪਤ ਹੱਥ-ਲਿਖਤ ਪਰਚਾ ਪੰਛੀ-ਕਵੀ-ਟੋਲੀ ਦੁਆਰਾ ਇਥੋਂ ਲਿਖਿਆ ਜਾਣ ਲੱਗਾ।

ਭੈਣੀ ਸਾਹਿਬ ਦੇਸ਼ ਭਗਤਾਂ ਦਾ ਸੁਆਗਤ ਸਦਾ ਖਿੜੇ ਮੱਥੇ ਕਰਦਾ ਰਿਹਾ ਹੈ। ਭਾਵੇਂ ਵੇਲੇ ਦੀ ਬਦੇਸ਼ੀ ਸਰਕਾਰ ਵਲੋਂ ਕਈ ਦੌਰ ਸਖ਼ਤੀਆਂ ਦੇ ਚਲਾਏ ਜਾਂਦੇ। ਅਜਿਹੇ ਸਮੇਂ ਪ੍ਰਸਿਧ ਬੱਬਰ ਸ੍ਰ. ਰਤਨ ਸਿੰਘ ਦਾ ਭੈਣੀ ਸਾਹਿਬ ਆਉਣਾ ਤੇ ਇਥੋਂ ਬਚ ਨਿਕਲਣ ਦਾ ਰੌਚਿਕ ਪ੍ਰਸੰਗ ਪੰਛੀ ਜੀ ਦੇ ਸ਼ਬਦਾਂ ਵਿਚ ਇਉਂ ਹੈ—

"ਇਕ ਦਿਨ ਜੇਲ੍ਹ ਵਿਚੋਂ ਫਰਾਰ ਬੱਬਰ ਰਤਨ ਸਿੰਘ ਭੈਣੀ ਸਾਹਿਬ ਵਿਚੋਂ ਹੁੰਦਾ ਹੋਇਆ ਅੱਗੇ ਸਤਲੁਜ ਦਰਿਆ ਵਲ ਨਿਕਲ ਗਿਆ ਸੀ। ਓਦੋਂ ਅਸੀਂ ਸਕੂਲ ਤੋਂ ਬਾਹਰ ਜਾਮਣ ਦੇ ਦਰਖ਼ਤ ਹੇਠ ਵਿਛੇ ਤੱਪੜ ਤੇ ਦੁਪਹਿਰ ਨੂੰ ਆਰਾਮ ਕਰ ਰਹੇ ਸਾਂ। ਮੈਂ ਤੇ ਪ੍ਰੀਤਮ ਕਵੀ ਦੁਪਹਿਰ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਸਰਗਰਮ ਰਹਿੰਦੇ! ਅਸੀਂ ਵੇਖਿਆ ਇਕ ਮਧਰੇ ਜਿਹੇ ਕੱਦ ਦਾ ਬੰਦਾ ਬਗਲ ਵਿਚ ਰਾਈਫਲ ਦਬਾਈ ਅੱਗੇ ਟਿੱਬੇ ਵਲ ਵਧ ਰਿਹਾ ਹੈ। ਪੰਦਰਾਂ ਵੀਹ ਮਿੰਟਾਂ ਬਾਦ ਅਸੀਂ ਫੇਰ ਵੇਖਿਆ—ਵਾਇਸਰਾਏ ਲਾਰਡ ਲਿਨਲਿਥਗੋ ਦੇ ਘੋੜੇ ਨੂੰ ਹਰਾਉਣ ਵਾਲਾ ਟੱਟੂ ਰਤਨ ਸਿੰਘ ਵਲ ਵਧ ਰਿਹਾ ਹੈ...ਹੋ ਸਕਦਾ ਹੈ ਕੋਈ ਸਿੰਘ ਰਤਨ ਸਿੰਘ ਨੂੰ ਟੱਟੂ ਤੇ ਰੋਟੀ ਦੇਣ ਗਿਆ ਹੋਵੇ! ਬਾਅਦ ਵਿਚ ਸਾਡਾ ਅਨੁਮਾਨ ਠੀਕ ਨਿਕਲਿਆ...ਇਸ ਤੋਂ ਝੱਟ ਬਾਅਦ ਸਕੂਲ ਦਾ ਮੈਦਾਨ ਪੁਲਿਸ ਛਾਉਣੀ ਬਣ ਗਿਆ। ਸਾਨੂੰ ਪੁਛਿਆ ਗਿਆ ਕਿ ਇਸ ਹੁਲੀਏ ਦਾ ਕੋਈ ਬੰਦਾ ਇਧਰ ਤਾਂ ਨਹੀਂ ਗਿਆ? ਅਸੀਂ ਸਾਰਿਆਂ ਨੇ ਇਕਸੁਰ ਹੋ ਕੇ ਕਿਹਾ—ਨਹੀਂ। ਫਿਰ ਗੋਰੇ ਐਸ. ਪੀ. ਦੀ ਕੁਮਕ ਆਣ ਪੁਜੀ। ਉਸ ਨੂੰ ਝੱਬਰ ਦੀ ਸੂਝ-ਬੂਝ ਨੇ ਗਲਤ ਦਿਸ਼ਾ ਵਲ ਪਾ ਦਿਤਾ।

"ਸ਼ਾਮ ਹੋ ਗਈ ਸੀ। ਅਸੀਂ ਦਰਿਆ ਵਲ ਹੁੰਦੀ ਫਾਇਰਿੰਗ ਸੁਣ ਸਕਦੇ ਸਾਂ।"

ਡੂੰਘੇ ਗਿਆਨ ਦੀਆਂ ਗੱਲਾਂ ਵਿਅੰਗਮਈ ਸ਼ੈਲੀ ਵਿਚ ਦੱਸੀਆਂ ਗਈਆਂ ਹਨ—

"ਸਾਡੇ ਸੰਸਕ੍ਰਿਤ ਦੇ ਅਧਿਆਪਕ ਹਰਬੰਸ ਲਾਲ ਸ਼ਾਸਤਰੀ ਗੱਲ ਗੱਲ ਤੇ ਸੰਸਕ੍ਰਿਤ ਦੇ ਇਕ ਵਾਕ 'ਚਰੈਵੇਤੀ ਚਰੈਵੇਤੀ' ਦੀ ਰਟ ਲਾਉਂਦੇ ਰਹਿੰਦੇ ਸਨ, ਜਿਸਦਾ ਅਰਥ ਸੀ—ਚਲਦੇ ਰਹੋ। ਸੋ ਅਸੀਂ ਚੱਲ ਰਹੇ ਸਾਂ। ਚਾਲ ਭਾਵੇਂ ਮੱਠੀ ਸੀ, ਪਰ ਚੱਲ ਜ਼ਰੂਰ ਰਹੇ ਸਾਂ।"

ਬੱਚਿਆਂ ਦੀ ਇਸ ਟੀਮ ਦੇ 'ਰਿੰਗ ਲੀਡਰ' ਤਾਂ ਬਕੌਲ ਪੰਛੀ ਜੀ ਬੇਅੰਤ ਜੀ ਸਨ। ਟੀਮ ਵਿਚ ਰਜਿੰਦਰ ਸਿੰਘ ਗੁਰੂਸਰ, ਕਪੂਰ ਸਿਆਮੀਆਂ, ਕੁੰਦਨ ਨਕਈ ਸਿਹਾਰੀ



Sri Satguru Jagjit Singh Ji eLibrary NamdhariElibrary@gmail.com

ਵਾਲਾ, ਪ੍ਰੀਤਮ ਕਵੀ (ਡੱਫਰਕੇ) ਅਤੇ ਪ੍ਰੀਤਮ ਪੰਛੀ ਸ਼ਾਮਲ ਸਨ।

ਮਾਈ ਜਿਊਣ ਕੌਰ ਜੀ, ਮਹਿਤਾ ਭੋਲਾ ਨਾਥ ਜੀ, ਪੰਡਿਤ ਮਨਸ਼ਾ ਸਿੰਘ ਕੌਮੀ ਅਤੇ ਸੁਆਮੀ ਤਖਤ ਸਿੰਘ ਹੋਰਾਂ ਤੋਂ ਬੱਚਿਆਂ ਨੂੰ ਦੇਸ਼ ਭਗਤੀ ਦੀਆਂ ਲੂੰ ਕੰਡੇ ਖੜੇ ਕਰਨ ਵਾਲੀਆਂ, ਮਹਾਨ ਨਾਮਧਾਰੀ ਸੰਗਰਾਮੀਆਂ ਦੀਆਂ ਕਥਾਵਾਂ ਸੁਣਨ ਨੂੰ ਮਿਲਦੀਆਂ। ਸੁਆਮੀ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਹਿਤ ਕੀਤੀ ਗਈ ਬਰ੍ਹਮਾ ਦੇਸ਼ ਦੀ ਯਾਤਰਾ ਦਾ ਬਿਰਤਾਂਤ ਸੁਣਾਉਂਦੇ। ਇਹ ਕੁਠਾਲੀ ਸੀ, ਜਿਸ ਵਿਚ ਪ੍ਰੀਤਮ ਸਿੰਘ ਪੰਛੀ ਦੇ ਭਵਿਖ ਦਾ ਸੰਗਰਾਮੀਆ ਜੀਵਨ ਪੜ੍ਹਿਆ ਜਾ ਰਿਹਾ ਸੀ। ੧੯੩੪ ਵਿਚ "ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ" ਭੈਣੀ ਸਾਹਿਬ ਹੋਈ। ਇਸ ਸਮੇਂ ਇਹਨਾਂ ਨੇ ਭਾਈ ਅਰਜਨ ਸਿੰਘ ਬਾਗੜੀਆਂ, ਭਾਈ ਕਾਹਨ ਸਿੰਘ ਨਾਭਾ, ਭਾਈ ਜੋਧ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਭਾਈ ਤਖਤ ਸਿੰਘ ਫਿਰੋਜ਼ਪੁਰ, ਬਾਬਾ ਸਾਵਣ ਸਿੰਘ ਬਿਆਸ ਵਾਲੇ, ਮਾ. ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਆਦਿ ਵੱਡੇ ਕੱਦ ਬੁੱਤ ਵਾਲੀਆਂ ਸ਼ਖ਼ਸੀਅਤਾਂ ਨੂੰ ਪਹਿਲੀ ਵਾਰ ਸਤਿਗੁਰੂ ਪ੍ਰਤਾਪ ਸਿੰਘ ਦੇ ਯਤਨਾਂ ਸਦਕਾ ਇਕ ਸਟੇਜ ਤੇ ਇਕੱਠੇ ਹੋਇਆਂ ਵੇਖਿਆ ਸੀ।

ਪੰਛੀ ਹੋਰਾਂ ਆਪਣੇ ਬਾਲ-ਸਖਾਈ ਮਿੱਤਰ 'ਕਵੀ' ਨਾਲ ਆਪਣਾ ਤੁਲਨਾਤਮਿਕ ਅਧਿਐਨ ਵੀ ਪੇਸ਼ ਕੀਤਾ ਹੈ—

"ਮੈਂ ਅਤੇ ਪ੍ਰੀਤਮ ਕਵੀ ਹੁਣ ਸੁਭਾਅ ਵਿਚ ਇਕ ਦੂਜੇ ਤੋਂ ਅਲੱਗ ਦਿਖਾਈ ਦੇਣ ਲੱਗੇ ਸੀ। ਪ੍ਰੀਤਮ ਕਵੀ ਸਿਰਫ ਮਟਕਣਾ ਜਾਣਦਾ ਸੀ, ਪਰ ਮੈਂ ਜੋਖਮ ਵਿਚ ਪੈਣੋਂ ਵੀ ਨਹੀਂ ਸੀ ਝਿਜਕਦਾ।"

ਦੋਹਾਂ ਮਿੱਤਰਾਂ ਵਿਚ ਵਾਦ-ਵਿਵਾਦ ਵੀ ਛਿੜਦਾ ਹੈ। ਪੰਛੀ ਕਰਮ ਖੇਤਰ ਵਿਚ ਕੁੱਦਣ ਲਈ ਤਿਆਰ ਹੈ, ਜਦਕਿ ਕਵੀ ਅਧਿਆਤਮਿਕ ਮੰਡਲਾਂ ਦੀਆਂ ਉਡਾਰੀਆਂ ਲਾਉਣਾ ਲੋਚਦਾ ਹੈ। ਪੰਛੀ ਦੇ ਸ਼ਬਦਾਂ ਵਿਚ—

"ਪਰ ਇਕ ਦਿਨ ਮੈਂ ਪ੍ਰੀਤਮ ਕਵੀ ਨੂੰ ਲਾ-ਜੁਆਬ ਕਰ ਦਿਤਾ ਸੀ। ਮੈਂ ਜਿਵੇਂ ਸਾਰਾ ਆਪਣਾ ਗਿਆਨ ਪ੍ਰੀਤਮ ਕਵੀ ਦੀ ਖੋਪੜੀ ਵਿਚ ਉਡੇਲਦਿਆਂ ਕਿਹਾ ਸੀ—

"ਇਤਿਹਾਸ ਆਪਣੇ ਆਪ ਨੂੰ ਦੁਹਰਾਂਦਾ ਹੈ। ਈਸਾ ਨੇ ਕਿਉਂ ਆਪਣੀ ਸਲੀਬ ਆਪ ਚੁਕੀ। ਹਜ਼ਰਤ ਮੁਹੰਮਦ ਨੂੰ ਕਿਉਂ ਗਾਰਾਂ ਵਿਚ ਲੁਕਣਾ ਪਿਆ ਅਤੇ ਮੱਕਿਓਂ ਦੌੜ ਕੇ ਮਦੀਨੇ ਜਾਣਾ ਪਿਆ? ਗੁਰੂ ਨਾਨਕ ਨੂੰ ਕਿਉਂ ਵੱਟੇ ਪਏ? ਗੁਰੂ ਰਾਮ ਸਿੰਘ ਨੂੰ ਕਿਉਂ ਦੇਸ਼-ਨਿਕਾਲਾ ਮਿਲਿਆ? ਗੁਰੂਦੇਵ ਉਤੇ ਕਿਉਂ ਪਾਬੰਦੀਆਂ ਲੱਗੀਆਂ? ਕੀ ਉਹ ਨਹੀਂ ਸੀ ਜੀਵਨ ਦਾ ਸੁਖ ਭੋਗ ਸਕਦੇ? ਵਕਤ ਦੀ ਹਕੂਮਤ ਅੱਗੇ ਘੜੀ ਦੀ ਘੜੀ ਸਿਰ ਨਿਵਾ ਕੇ ਉੱਚੀਆਂ ਪਦਵੀਆਂ ਨਹੀਂ ਸੀ ਪ੍ਰਾਪਤ ਕਰ ਸਕਦੇ? ਪਰ ਹੋਇਆ ਇਸ ਦੇ ਸਭ ਕੁਝ ਉਲਟ।"

ਫਿਰ ਲੇਖਕ ਦਾ ਟਾਕਰਾ ਇਕ ਦੇਸ਼ ਭਗਤ ਗ਼ਦਰੀ ਰੂਪੋਸ਼ ਸਿਮਰਨ ਸਿੰਘ ਨਾਲ ਹੁੰਦਾ ਹੈ, ਜਦੋਂ ਉਹ ਬਾਗਾਂ ਵਾਲੇ ਦੇ ਕਿਸੇ ਇਤਿਹਾਸਕ ਗੁਰਦੁਆਰੇ ਵਿਚ ਜਾਕੇ ਅਖੰਡ-ਪਾਠੀ ਬਣਦਾ ਹੈ। ਸਿਮਰਨ ਸਿੰਘ ਦੀ ਪਾਰਖੂ ਅੱਖ ਤਾੜ ਗਈ ਸੀ ਕਿ ਮੁੰਡਾ ਕੁਝ ਬਣ ਸਕਦਾ ਹੈ। ਕੱਚੀ ਮਿੱਟੀ ਗੋਈ ਹੋਈ ਜਿਹੋ ਜਿਹੇ ਚਾਹੋ ਭਾਂਡੇ ਬਣਾ ਲਵੋ। ਉਸ ਨੇ ਕੂਕਿਆਂ ਦੀਆਂ ਮਸਤਾਨੀਆਂ ਕੂਕਾਂ ਸੁਣ ਸੁਣ ਕੇ ਛਾਨਣੀ ਹੋਏ ਦਿਲ ਵਿਚ ਮਾਛੀਵਾੜੇ ਵਾਲੇ ਮਾਹੀ ਦੀਆਂ ਗਾਥਾਵਾਂ ਉਤਾਰਨੀਆਂ ਸ਼ੁਰੂ ਕੀਤੀਆਂ—

"ਏਥੇ ਕਦੇ ਦਸਮ ਪਾਤਸ਼ਾਹ ਮੁਗ਼ਲਾਂ ਦਾ ਮੁਕਾਬਲਾ ਕਰਦੇ ਆਏ ਸਨ। ਜਾਬਰ ਹਾਕਮਾਂ ਦੇ ਖ਼ਿਲਾਫ਼ ਏਥੇ ਵੀ ਲੜਾਈ ਲੜੀ ਗਈ ਸੀ। ਜ਼ੁਲਮ ਦੇ ਖਿਲਾਫ਼ ਹਰੇਕ ਦੌਰ ਵਿਚ ਲੜਾਈਆਂ ਲੜੀਆਂ ਜਾਂਦੀਆਂ ਰਹੀਆਂ ਹਨ। ਅੱਜ ਵੀ ਲੜੀਆਂ ਜਾਂਦੀਆਂ ਹਨ। ਅਜ ਸਾਡੀ ਗੋਰਿਆਂ ਨਾਲ ਲੜਾਈ ਹੈ, ਜਿਹੜੇ ਮੁੱਠੀ ਭਰ ਸਮੁੰਦਰੋਂ ਆ ਕੇ ਪੈਂਤੀ ਕਰੋੜ ਆਦਮੀਆਂ ਤੇ ਰਾਜ ਕਰਦੇ ਹਨ।

"ਪਰ ਗੁਰਦੁਆਰਿਆਂ ਵਿਚ ਜਿਹੜੇ ਮਹੰਤ ਬਣਕੇ ਬੈਠ ਜਾਂਦੇ ਹਨ ਗੁਰਦੁਆਰਿਆਂ ਦੇ ਉਪਦੇਸ਼ ਭੁੱਲ ਬੈਠਦੇ ਹਨ। ਤੂੰ ਦੇਖਿਆ ਨਹੀਂ? ਸਾਧਾਂ ਪਿੱਛੇ ਕਿਵੇਂ ਔਰਤਾਂ ਦੇ ਝੁੰਡਾਂ ਦੇ ਝੁੰਡ ਫਿਰਦੇ ਹਨ। ਘਰ ਦੇ ਝੰਜਟਾਂ ਤੋਂ ਰਾਹਤ ਮਹਿਸੂਸ ਕਰਦੀਆਂ ਉਹ ਸਾਧਾਂ ਪਿੱਛੇ ਲਗ ਤੁਰਦੀਆਂ ਹਨ, ਕਈ ਵਾਰੀ ਘਰ ਦੀ ਜ਼ਿੰਮੇਵਾਰੀ ਤਕ ਭੁੱਲ ਜਾਂਦੀਆਂ ਹਨ।"

"ਗੁਰਦੁਆਰੇ ਤਾਂ ਸਾਡੇ ਲਈ ਸ਼ਰਨਗਾਹ ਹਨ, ਪਰ ਅਸੀਂ ਏਥੇ ਨਿਚੱਲੇ ਬੈਠ ਕੇ ਸਮਾਜ ਨਾਲੋਂ ਟੁੱਟ ਵੀ ਸਕਦੇ ਹਾਂ ਤੇ ਪੂਜਾ ਦਾ ਧਨ ਖਾਣ ਦੇ ਆਦੀ ਹੋ ਸਕਦੇ ਹਾਂ।...

ਫਿਰ ਆਪਣੇ ਵਿਸ਼ਾਲ ਕ੍ਰਾਂਤੀਕਾਰੀ ਜੀਵਨ ਦੇ ਕਈ ਖੱਟੇ ਮਿੱਠੇ ਅਨੁਭਵ ਵੀ ਉਹ ਲੇਖਕ ਨੂੰ ਸੁਣਾਉਂਦਾ ਹੈ ਅਤੇ ਨਿਰੰਤਰ ਤੁਰਦੇ ਰਹਿਣ ਦਾ ਉਪਦੇਸ਼ ਦਿੰਦਾ ਹੈ—

"ਸਾਨੂੰ ਇਕ ਜਗ੍ਹਾ ਦੇ ਮੋਹ ਵਿਚ ਨਹੀਂ ਪੈਣਾ



Sri Satguru Jagjit Singh Ji eLibrary NamdhariElibrary@gmail.com

ਚਾਹੀਦਾ। ਇਸ਼ ਮੋਹ ਨੇ ਮੇਰੇ ਪੈਰਾਂ ਨੂੰ ਕਈ ਵਾਰ ਜਕੜਿਆ ਹੈ, ਪਰ ਮੇਰੇ ਪੈਰ ਰੁਕੇ ਨਹੀਂ।" ਸਿਮਰਨ ਸਿੰਘ ਨੇ ਉਸਨੂੰ ਛਲਾਵਾ ਬਣਕੇ ਰਹਿਣ ਦੀ ਜਾਂਚ ਦੱਸੀ ਅਤੇ ਉਸਦੀਆਂ ਹੱਡ-ਬੀਤੀਆਂ ਸੁਣਕੇ ਉਹ ਪੂਰਨ ਭਗਤ ਜਾਂ ਜੋਗਾ ਸਿੰਘ ਦਾ ਕੋਈ ਨਵਾਂ ਸੰਸਕਰਣ ਮਾਲੂਮ ਹੁੰਦਾ ਹੈ।

ਹੁਣ ਮੋਹਨ ਬਿਲਗੀਏ ਰਾਹੀਂ ਜਿਸ ਦੇ ਨਾਨਕੇ ਫਲਪੋਤੇ ਸਨ, ਪੰਛੀ ਕਿਸਾਨ ਸਭਾਈਆਂ ਦੇ ਸੰਪਰਕ ਵਿਚ ਆਉਂਦੇ ਹੈ। ਵੇਖੋ ਅੰਦਾਜ਼—

"ਕਿਸੇ ਨੇ ਦੱਸਿਆ—ਉਹ ਕਿਸਾਨ ਸਭਾਈ ਹੋ ਗਿਆ ਹੈ। ਸਿੰਘ ਸਭੀਏ ਤਾਂ ਸੁਣੇ ਸਨ, ਪਰ ਇਹ ਕਿਸਾਨ ਸਭਾਈ ਕੌਣ ਹੋਏ ?......

"ਇਹ ਮੋਹਨ ਬਿਲਗੀਆ ਮੇਰੇ ਪਿਛੇ ਪਰਛਾਵੇਂ ਵਾਂਗ ਲਗ ਗਿਆ ਸੀ ਅਤੇ ਮੈਨੂੰ ਵੀ ਕਿਸਾਨ ਸਭਾ ਦਾ ਚਵੰਨੀਆਂ ਮੈਂਬਰ ਬਣਾ ਦਿਤਾ ਸੀ।

ਪਿੰਡਾਂ ਵਿਚ ਦੇਸ਼ ਭਗਤਾਂ ਦੀ ਵੀ ਕੋਈ ਕਮੀ ਨਹੀਂ ਸੀ ਅਤੇ ਸਰਕਾਰੀ ਟੁਕੜਬੋਚ ਵੀ ਹਰਲ ਹਰਲ ਕਰਦੇ ਫਿਰਦੇ ਸਨ। ਮੋਹਨ ਬਿਲਗੀਏ ਦੇ ਸੰਗਰਾਮੀਏ ਜੀਵਨ ਦੀ ਘਾੜਤ ਵੀ ਸਰਕਾਰ ਤੇ ਉਹਦੇ ਝੋਲੀ-ਚੁਕਾਂ ਲਈ ਨਫਰਤ ਦੀ ਭੱਠੀ ਵਿਚ ਘੜੀ ਗਈ ਸੀ—

"ਮੋਹਨ ਬਿਲਗੀਆ ਪਾਗਲ ਨਹੀਂ ਸੀ ਜੋ ਸਿਰਫ ਸੁਪਨੇ ਹੀ ਦੇਖਦਾ ਸੀ। ਸੰਨ ੩੧ ਵਿਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਫਾਂਸੀ ਲਗਣ ਤੇ ਉਸ ਨੇ ਪਿੰਡ ਦੇ ਸਾਰੇ ਮੁੰਡੇ 'ਕਠੇ ਕਰਕੇ ਕਾਲੀਆਂ ਝੰਡੀਆਂ ਦਾ ਜਲੂਸ ਕਢਿਆ ਸੀ ਤੇ ਇਸ ਜੁਰੱਅਤ ਬਦਲੇ ਉਸਨੂੰ ਨੰਬਰਦਾਰ ਪ੍ਰਤਾਪ ਸਿੰਘ ਦੇ ਕੰਮੀਆਂ ਕੋਲੋਂ ਕਰਾਰੀ ਮਾਰ ਵੀ ਖਾਣੀ ਪਈ ਸੀ।

"ਉਹ ਮਾਰ ਉਹਨੂੰ ਅੱਜ ਵੀ ਰੜਕਦੀ ਸੀ। ਨੰਬਰਦਾਰ ਪ੍ਰਤਾਪ ਸਿੰਘ ਵੀ ਰੜਕਦਾ ਸੀ। ਮੋਹਨ ਬਿਲਗੀਆ ਮੂੰਹ ਤੇ ਖਰੀ ਖਰੀ ਸੁਣਾਉਣ ਅਤੇ ਕੁਝ ਕਰ ਗੁਜ਼ਰਨ ਵਿਚ ਯਕੀਨ ਰਖਦਾ ਸੀ। ਉਹ ਦਾਤਰੀ ਹਥੌੜਾ ਮਾਰਕਾ ਲਾਲ ਝੰਡੇ ਵਾਲੀ ਕਿਸਾਨ ਸਭਾ ਦਾ ਸਕੱਤਰ ਸੀ।..."

ਫਿਰ ਕਲਸੀਆ ਰਿਆਸਤ ਦੇ ਲੋਕਾਂ ਦਾ ਰਜਵਾੜਾ-ਸ਼ਾਹੀ ਵਿਰੁਧ ਮੋਰਚਾ ਹੈ, ਜਿਸ ਵਿਚ ਲੇਖਕ ਦੀ ਸਰਗਰਮ ਸ਼ਮੂਲੀਅਤ ਉਹਨੂੰ ਜ਼ਿੰਦਗੀ ਦੇ ਕੁਝ ਹੁਸੀਨ ਖੁਆਬ ਵੇਖਣ ਦਾ ਅਵਸਰ ਵੀ ਪ੍ਰਦਾਨ ਕਰਦੀ ਹੈ। ਰਿਆਸਤ ਦੇ ਇਕ ਪਿੰਡ ਦਾ ਤਾਰਾ ਨੰਬਰਦਾਰੀ ਨੂੰ ਠੁਕਰਾ ਕੇ ਕਿਸਾਨ ਸਭਾਈ ਬਣ ਜਾਂਦਾ ਹੈ। ਪਾਣੀ ਦੇ ਮੋਰਚੇ ਵਿਚ ਫਲਪੋਤੇ ਦੇ ਪਚਾਸੀ ਸਾਲਾ ਬਾਬਾ ਸੌਣ ਸਿੰਘ ਦੀ ਜੇਲ੍ਹ ਵਿਚ ਸ਼ਹੀਦੀ ਲੇਖਕ ਨੂੰ ਝਕਝੋਰਦੀ ਹੈ ਅਤੇ ਉਹ ਵੀ ਇਕ ਗਰਮਾ-ਗਰਮ ਤਕਰੀਰ ਕਰਕੇ ਜੇਲ੍ਹ ਵਿਚ ਚਲਾ ਜਾਂਦਾ ਹੈ। ਇਥੇ ਕਾਮਰੇਡ ਚੈਨ ਸਿੰਘ ਚੰਦੋਂਵਾਲੀਆ ਉਸ ਦੀ ਅਗਵਾਈ ਕਰਦਾ ਹੈ। ਮੁਲਤਾਨ ਦੀ ਸੈਂਟਰਲ ਜੇਲ੍ਹ ਵਿਚ ਦੋ ਵੱਖ ਵੱਖ ਸਟੱਡੀ ਸਰਕਲ ਲਗਦੇ ਹਨ। ਲੁਧਿਆਣੇ ਦਾ ਮਾਸਟਰ ਸੱਜਣ ਸਿੰਘ ਕਾਂਗਰਸੀ ਸਟੱਡੀ ਸਰਕਲ ਦਿੰਦਾ ਹੈ। ਮਹਿੰਦਰ ਕਹਾਰ-ਪੁਰੀਆ ਜੋ ਸੱਲ੍ਹਾਂ ਜਮਾਤਾਂ ਪਾਸ ਹੈ ਕਾਮਰੇਡਾਂ ਦਾ ਸਟੱਡੀ ਸਰਕਲ ਦਿੰਦਾ ਹੈ। ਦੋਹਾਂ ਦੇ ਪੜ੍ਹਾਉਣ ਦੇ ਅੰਦਾਜ਼ ਦਾ ਕਿਆ ਬਖੂਬੀ ਚਿਤਰਣ ਕੀਤਾ ਹੈ—

"ਮਾਸਟਰ ਸੱਜਨ ਸਿੰਘ ਗਾਂਧੀ ਜੀ ਦਾ ਅਖਬਾਰ 'ਹਰੀਜਨ' ਆਪਣੇ ਅੱਗੇ ਫੈਲਾ ਕੇ ਸਟੱਡੀ ਸਰਕਲ ਲਾਉਂਦਾ ਤੇ ਮਹਿੰਦਰ ਕਹਾਰਪੁਰੀ ਦੇ ਇਕ ਹੱਥ ਵਿਚ ਪੀ. ਸੀ. ਜੋਸ਼ੀ ਦਾ 'ਨੈਸ਼ਨਲ ਫਰੰਟ' ਤੇ ਦੂਜੇ ਵਿਚ ਮੇਰਠ ਤੋਂ ਛਪਣ ਵਾਲਾ 'ਕਿਰਤੀ ਲਹਿਰ' ਹੁੰਦਾ ਸੀ।

"ਮਹਿੰਦਰ ਕਹਾਰਪੁਰੀਆ" 'ਨੈਸ਼ਨਲ ਫਰੰਟ' ਨੂੰ ਉਲਾਰ ਕੇ ਕਹਿੰਦਾ ਇਸ ਦਾ ਇਕ ਇਕ ਅੱਖਰ ਬੰਬ ਦਾ ਗੋਲਾ ਹੈ।

"ਫਿਰ ਉਹ ਲੈਨਿਨ, ਏਸ਼ੀਆ, ਕਮਿਊਨਿਜ਼ਮ, ਸਾਮਰਾਜਵਾਦ, ਲੁਟ ਖਸੁਟ, ਜ਼ੁਲਮ, ਬੁਰਜਵਾਜ਼ੀ, ਪ੍ਰੋਲਤਾਰੀ, ਰੂਸ, ਮਾਰਕਸ, ਸਰਮਾਏਦਾਰੀ, ਮਜ਼ਦੂਰ ਕਿਸਾਨ ਅਤੇ ਹੋਰ ਪਤਾ ਨਹੀਂ ਕੀ ਕੀ ਸ਼ਬਦ ਦੁਹਰਾਈ ਜਾਂਦਾ ਜੋ ਅਨਪੜ੍ਹ ਕਿਸਾਨਾਂ ਦੇ ਦਿਮਾਗ ਵਿਚ ਇਕ ਵੀ ਨਾ ਬੈਠਦਾ। ਮੈਂ ਤੇ ਮੋਹਨ ਕੁਝ ਲਫ਼ਜ਼ ਜ਼ਰੂਰ ਰਟ ਲੈਂਦੇ।'

ਜੇਲ੍ਹ ਜੀਵਨ ਬਾਰੇ ਮਾਸਟਰ ਤਾਰਾ ਸਿੰਘ ਹੋਰਾਂ ਨੇ ਵੀ ਆਪਣੀ ਜੀਵਨੀ ਵਿਚ ਬੜੇ ਦਿਲਚਸਪ ਕਿੱਸੇ ਲਿਖੇ ਹਨ। ਪੰਛੀ ਹੋਰੀਂ ਵੀ ਕਈ ਅਲੋਕਾਰੀਆਂ ਲਿਖ ਗਏ ਹਨ। ਸਾਧਾਂ ਦਾ ਰਾਂਝੇ ਨੂੰ ਜੋਗ ਦੇਣ ਬਾਦ ਬਾਲ ਨਾਥ ਨਾਲ ਜੋ ਵਾਦ ਵਿਵਾਦ ਛਿੜਿਆ ਸੀ ਇਹੋ ਜਿਹਾ ਹੀ ਪ੍ਰਸੰਗ ਹਾਜ਼ਰ ਹੈ।

"ਕਿੱਸਾ ਸੁਣਿਆ ਤਾਂ ਹੱਕੇ-ਬੱਕੇ ਰਹਿ ਗਏ। ਮਾਸਟਰ ਸੱਜਨ ਸਿੰਘ ਕਿਸੇ ਨੌਜੁਆਨ ਨਾਲ ਬੁਰਾ ਕਰਮ ਕਰਦਾ ਫੜਿਆ ਗਿਆ ਸੀ। ਉਹ ਹੱਥ ਵਿਚ ਗਾਂਧੀ ਜੀ ਦਾ ਹਰੀਜਨ ਅਖਬਾਰ ਫੜੀ ਮਾਫੀ ਮੰਗ ਰਿਹਾ ਸੀ। ਉਹਦੀ ਹਾਲਤ ਵੇਖਣ ਵਾਲੀ ਸੀ।"



Sri Satguru Jagjit Singh Ji eLibrary NamdhariElibrary@gmail.com

ਇਸੇ ਜੇਲ੍ਹ ਵਿਚ 'ਪੰਛੀ' ਨੂੰ ਆਪਣੀ ਮਾਤਾ ਦੇ ਪੂਰੇ ਹੋਣ ਦੀ ਦੁਖਦਾਈ ਖਬਰ ਸੁਣਨ ਨੂੰ ਮਿਲਦੀ ਹੈ। ਮਾਂ ਤੋਂ ਬਾਅਦ ਨਾਨੀ ਸ਼ਰੀਕਾਂ ਹੱਥੋਂ ਜ਼ਹਿਰ ਦੇ ਕੇ ਮਾਰ ਦਿਤੀ ਜਾਂਦੀ ਹੈ। 'ਪੰਛੀ' ਨਾਨਕਾ ਪਿੰਡ ਅਤੇ ਜ਼ਮੀਨ ਜਾਇਦਾਦ ਨੂੰ ਇਕ ਵਿਰੱਕਤ ਸਾਧ ਦੀ ਦ੍ਰਿਸ਼ਟੀ ਨਾਲ ਵੇਖਕੇ ਤਿਆਗ ਆਉਂਦਾ ਹੈ—

"ਮੈਂ ਆਪਣੇ ਹਿੱਸੇ ਆਉਂਦਾ ਜ਼ਮੀਨ ਦਾ ਟੁਕੜਾ ਨਹੀਂ ਲੈਣਾ ਚਾਹੁੰਦਾ। ਮੈਂ ਹੋਰ ਜ਼ਹਿਰ ਦੇ ਬੀਜ ਬੀਜਣਾ ਨਹੀਂ ਚਾਹੁੰਦਾ।"

ਫਿਰ ਉਹ ਪਾਰਟੀ ਦਾ ਜ਼ਮੀਨ-ਦੋਜ਼ ਅਖਬਾਰ "ਲਾਲ ਝੰਡਾ" ਛਾਪਣ ਤੇ ਵੰਡਣ ਵਿਚ ਮਦਦ ਕਰਦਾ ਹੈ। ਉਸ ਦੇ ਜੀਵਨ ਦੇ ਇਸ ਪੜਾਅ ਵਿਚ ਬਾਬਾ ਕਰਮ ਸਿੰਘ ਚੀਮਾ, ਭਗਤ ਸਿੰਘ ਬਿਲਗਾ, ਹਰਮੰਦਰ ਸਿੰਘ ਸੋਢੀ, ਪੰਡਿਤ ਮੁਨੀ ਰਾਮ ਕਾਲੀਆ, ਹਰੀ ਸਿੰਘ ਖੰਡਾ ਜਿਹੇ ਦੇਸ਼ ਭਗਤ ਵੀ ਆਉਂਦੇ ਸਨ ਅਤੇ 'ਨਾਮਧਾਰੀ ਚਾਣਕਿਆ' ਸੰਤ ਇੰਦਰ ਸਿੰਘ ਚੱਕਰਵਰਤੀ, ਪ੍ਰਿੰਸੀਪਲ ਐਸ. ਐਸ. ਅਮੋਲ, ਸਾਹਿਰ ਲੁਧਿਆਣਵੀ, ਗਿਆਨੀ ਅਜਮੇਰ ਸਿੰਘ ਲੋਹਗੜ੍ਹ ਜਿਹੇ ਸਾਹਿਤਕਾਰ ਵੀ। ਸਾਹਿਤ ਸਿਆਸਤ ਦੇ ਇਸ ਦਵੰਧ ਪ੍ਰਤੀ ਉਹ 'ਆਖਰੀ ਸਬਕ' ਵਿਚ ਲਿਖਦੇ ਹਨ—

"ਵਰ੍ਹੇ ਖਿਸਕਦੇ ਗਏ। ਜ਼ਿੰਦਗੀ ਦੇ ਉਤਾਰ-ਚੜ੍ਹਾਅ ਨਾਲ ਆਹਢੇ ਲਾਉਂਦਿਆਂ ਮੈਂ ਬਹੁਤ ਬਦਲ ਗਿਆ ਸੀ। ਸਮਾਜ ਦੇ ਹਰ ਖੇਤਰ ਵਿਚ ਘੁਸਪੈਠ ਕਰਨ ਲਗਿਆ ਸੀ। ਇਕ ਪਾਸੇ ਰਾਜਨੀਤੀ ਦੀ ਪੂਛ ਨੂੰ ਫੜਨ ਦੀ ਕੋਸ਼ਿਸ਼ ਕਰਦਾ ਸਾਂ ਅਤੇ ਦੂਜੇ ਪਾਸੇ ਸਾਹਿਤ ਕਲਾ ਦੇ ਖੇਤਰ ਵਿਚ ਹਵਾਈ ਘੋੜੇ ਤੇ ਸੁਆਰ ਹੋ ਕੇ ਮੈਕਸਿਮ ਗੋਰਕੀ ਅਤੇ ਪ੍ਰੇਮ ਚੰਦ ਬਣਨ ਦੇ ਸੁਪਨੇ ਲੈਂਦਾ ਸਾਂ ਅਤੇ ਇਸ ਤ੍ਰਿਵੇਣੀ ਨੂੰ ਪਾਰ ਕਰਨ ਲਈ ਇਕ ਲੇਖਕ ਸੁਆਣੀ ਨਾਲ ਵਿਆਹ ਰਚਾ ਬੈਠਾ ਸਾਂ।"

ਜ਼ਿੰਦਗੀ ਦੀਆਂ ਤਲਖ਼ੀਆਂ ਰੰਗੀਨੀਆਂ ਨੂੰ ਆਪਣੀ ਬੁਰਸ਼ ਛੋਹਾਂ ਨਾਲ ਆਕਰਸ਼ਕ ਮੂਰਤਾਂ ਦਾ ਰੂਪ ਦੇਣ ਦੀ ਇਸ ਕਲਾ ਵਿਚ ਪ੍ਰੀਤਮ ਸਿੰਘ ਪੰਛੀ ਡਾਢਾ ਸਫਲ ਰਿਹਾ ਹੈ। ਉਹ ਸੰਸਾਰੀ ਲੋਕਾਂ ਦੀ ਭੀੜ ਵਿਚ ਤੁਰਦਾ ਵੀ ਆਪਣੀ ਵੱਖਰੀ ਪਹਿਚਾਣ ਬਣਾਈ ਰੱਖਣ ਵਿਚ ਸਫਲ ਹੋਇਆ ਹੈ। ਉਸ ਦੀਆਂ ਅੱਖਾਂ ਵਿਚ ਜੋ ਮਾਸੂਮੀਅਤ ਝਲਕਦੀ ਹੈ, ਉਹ ਉਸ ਦੀ ਨਿਰਦੋਸ਼ਤਾ ਦਾ ਵਾਹਦ ਸਬੂਤ ਵੀ ਹੈ ਅਤੇ ਉਸਦੀਆਂ ਰਚਨਾਵਾਂ ਵਿਚ ਛੁਪੀ ਪਵਿਤਰਤਾ ਦਾ ਰਾਜ਼ ਵੀ। ਉਹਨਾਂ ਦਾ ਸਫਰ ਨਿਰੰਤਰ ਜਾਰੀ ਹੈ। ਜ਼ਿੰਦਗੀ ਦੇ ਵੱਖੋ ਵੱਖ ਪੜਾਵਾਂ ਤੇ ਕੋਈ ਵੀ ਸ਼ੌਕ ਉਹਨਾਂ ਦੇ ਪੈਰਾਂ ਦਾ ਬੰਧਨ ਨਹੀਂ ਬਣਿਆ। ਸਿਮਰਨ ਸਿੰਘ ਦੀ ਸਿਖ ਮੱਤ ਉਹਨਾਂ ਦੇ ਕੰਮ ਆਈ ਹੈ। ਉਹਨਾਂ ਦੀ ਰਚਨਾ ਅਤੇ ਉਹਨਾਂ ਦੀ ਜ਼ਿੰਦਗੀ ਵਿਚ ਕੋਈ ਅੰਤਰ ਢੂੰਡਣਾ ਸ਼ਾਇਦ ਸੌਖੀ ਗੱਲ ਨਹੀਂ। ਇਉਂ ਤਾਂ ਨਹੀਂ ਹੋਈ ਕਿ ਹੁਸੀਨਵਾਦੀਆਂ ਵਿਚੋਂ ਗੁਜ਼ਰਦਿਆਂ ਖਿੜੀਆਂ ਬਹਾਰਾਂ ਨੇ ਉਹਨਾਂ ਦਾ ਰਾਹ ਨਾ ਰੋਕਿਆ ਹੋਵੇ, ਪਰ ਲੋਕਾਂ ਦੇ ਹੁਸੀਨ ਭਵਿਖ ਦਾ ਸੁਪਨ ਨਕਸ਼ਾ ਹਰ ਰੁਕਾਵਟ ਤੇ ਕਾਬੂ ਪਾ ਲੈਂਦਾ ਜਿਹਾ ਹੈ। ਅੱਧੀ ਸਦੀ ਤਕ ਮੁਹੰਮਦ ਤੁਗਲਕਾਂ ਅਤੇ ਅਕਬਰਾਂ, ਇੰਦਰਾ ਗਾਂਧੀਆਂ ਅਤੇ ਇੰਦਰ ਕੁਮਾਰ ਗੁਜਰਾਲਾਂ ਦੀ ਦਿੱਲੀ ਵਿਚ ਰਹਿ ਕੇ ਕ੍ਰਿਆਸ਼ੀਲ ਰਹਿਣ ਵਾਲਾ ਬੰਦਾ ਹੋਰ ਦਾ ਹੋਰ ਹੋ ਜਾਂਦਾ ਹੈ। ਪੰਛੀ ਆਪਣੀ ਪਰੰਪਰਾ ਨਾਲ ਆਤਮਿਕ ਤੌਰ ਤੇ ਜੁੜਿਆ ਰਹਿ ਕੇ ਵੀ ਵਿਸ਼ਵ ਮਾਨਵ ਦੇ ਹਾਣ ਦਾ ਹੋ ਚੁਕਾ ਹੈ। ਮੈਂ ਆਪਣੀ ਮੁਲਾਕਾਤ ਦੇ ਅੰਤ ਵਿਚ ਬੇਨਤੀ ਕੀਤੀ ਸੀ ਕਿ ਮਹਾਨ ਕੂਕਾ ਲਹਿਰ ਬਾਰੇ ਇਕ ਵੱਡ-ਆਕਾਰੀ ਨਾਵਲ, ਜਿਸ ਦਾ ਕੈਨਵਸ ਅਟਕ ਤੋਂ ਘੱਗਰ ਦਰਿਆ ਤਕ ਫੈਲਿਆ ਹੋਵੇ, ਲਿਖਿਆ ਜਾਣਾ ਚਾਹੀਦਾ ਹੈ। ਇਕ ਮਹਾਂ-ਕਾਵਿ ਇਸ ਸਬੰਧ ਵਿਚ ਉਹਨਾਂ ਦਾ ਸਾਹਿਤਕ ਗੁਰੂ ਸੰਤ ਇੰਦਰ ਸਿੰਘ ਚਕਰਵਰਤੀ ਲਿਖ ਗਿਆ ਹੈ ਅਤੇ ਚੇਲੇ ਦਾ ਵੀ ਫਰਜ਼ ਹੈ ਕਿ ਉਹ ਪਿਤਰੀ ਰਿਣ ਉਤਾਰਨ ਹਿਤ ਕੁਝ ਕਰੇ। ਉਂਜ ਉਹਨਾਂ ਜੋ ਵੀ ਕੀਤਾ ਹੈ ਉਹ ਥੋੜ੍ਹਾ ਨਹੀਂ।

ਉਮੀਦ ਹੈ ਕਿ ਸਾਹਿਤਕ ਹਲਕੇ ਪੰਛੀ ਕ੍ਰਿਤ ਹੱਥਲੇ ਨਾਵਲ ਦੀ ਆਮਦ ਦਾ ਸੁਆਗਤ ਕਰਨਗੇ ਅਤੇ ਅਸੀਂ ਉਹਨਾਂ ਦੇ ਸਰੋਕਾਰਾਂ ਨੂੰ ਮਹਿਰੂਮ ਸ਼ਾਇਰ 'ਪਾਸ਼' ਦੀਆਂ ਇਹਨਾਂ ਤੁਕਾਂ ਨਾਲ ਰਲ ਕੇ ਪੜ੍ਹਾਂਗੇ—

"ਮੇਰੇ ਕੋਲ ਕੋਈ ਚਿਹਰਾ
ਸੰਬੋਧਨ ਕੋਈ ਨਹੀਂ
ਧਰਤੀ ਦਾ ਝੱਲਾ ਇਸ਼ਕ ਸ਼ਾਇਦ ਮੇਰਾ ਹੈ
ਤੇ ਤਾਂਹੀਓਂ ਜਾਪਦੈ
ਮੈਂ ਹਰ ਚੀਜ਼ ਉਤੇ ਹਵਾ ਵਾਂਗੂੰ ਸਰਸਰਾ ਕੇ ਲੰਘ ਜਾਵਾਂਗਾ
ਸਜਣੋਂ ਮੇਰੇ ਲੰਘ ਜਾਣ ਤੋਂ ਮਗਰੋਂ ਵੀ
ਮੇਰੇ ਫਿਕਰ ਦੀ ਬਾਂਹ ਫੜੀ ਰੱਖਣਾ।"

—ਕਰੀਵਾਲਾ (ਸਿਰਸਾ) ੧੨੫੦੭੫



Sri Satguru Jagjit Singh Ji eLibrary NamdhariElibrary@gmail.com

# ਤੇਰਾ ਸਿੰਘ ਚੰਨ ਰਚਿਤ ਓਪੇਰੇ : ਇਕ ਅਧਿਐਨ

**—ਸੁਰਜੀਤ ਜੱਜ**

ਤੇਰਾ ਸਿੰਘ ਚੰਨ, ਜਿਥੇ ਪੰਜਾਬੀ ਦੀ ਪ੍ਰਗਤੀਸ਼ੀਲ ਕਾਵਿ-ਧਾਰਾ ਦੇ ਪ੍ਰਮੁਖ ਸਰੋਕਾਰਾਂ ਨੂੰ ਆਪਣੀ ਸ਼ਾਇਰੀ ਵਿਚ ਸਮੋ ਕੇ ਕਾਵਿ-ਸਿਰਜਣਾ ਕਰਦਾ ਰਿਹਾ ਹੈ, ਉੱਥੇ ਇਪਟਾ ਵਰਗੀ ਰੰਗ-ਮੰਚ ਦੀ ਲਹਿਰ ਨਾਲ ਵੀ ਉਸ ਦਾ ਗੂੜ੍ਹਾ ਸੰਬੰਧ ਰਿਹਾ ਹੈ। ਇਪਟਾ ਨਾਲ ਨੇੜਲਾ ਸੰਬੰਧ ਤੇਰਾ ਸਿੰਘ ਚੰਨ ਦੇ ਇਕ ਓਪੇਰਾ ਲੇਖਕ ਵਜੋਂ ਉੱਭਰ ਕੇ ਸਾਮ੍ਹਣੇ ਆਉਣ ਪਿਛੇ ਕਾਰਜਸ਼ੀਲ ਮੂਲ ਆਧਾਰ ਪ੍ਰਤੀਤ ਹੁੰਦਾ ਹੈ। ਨਿਰਸੰਦੇਹ ਤੇਰਾ ਸਿੰਘ ਚੰਨ ਦੀ ਵਧੇਰੇ ਲੋਕ-ਪ੍ਰੀਅਤਾ ਉਸ ਦੁਆਰਾ ਸਿਰਜਿਤ ਤੇ ਮੰਚਿਤ ਕੀਤੇ ਓਪੇਰਿਆਂ ਕਰਕੇ ਹੀ ਹੋਈ ਭਾਵੇਂ ਕਿ ਇਕ ਕਵੀ ਦੇ ਤੌਰ 'ਤੇ ਵੀ ਉਹਦੀਆਂ ਕਿਰਤਾਂ ਵਿਸ਼ੇਸ਼ ਮਹੱਤਵ ਰਖਦੀਆਂ ਹਨ। ਇਹ ਵੀ ਸੱਚ ਹੈ ਕਿ ਇਹਨਾਂ ਓਪੇਰਿਆਂ ਰਾਹੀਂ ਚੰਨ ਦਾ ਕਾਵਿਕ-ਆਪਾ ਆਪਣੇ ਪੂਰੇ ਜਲੌਅ ਵਿਚ ਰੂਪਮਾਨ ਹੁੰਦਾ ਵੇਖਿਆ ਜਾ ਸਕਦਾ ਹੈ। 'ਕਾਗ ਸਮੇਂ ਦਾ ਬੋਲਿਆ' ਕਾਵਿ-ਸੰਗ੍ਰਹਿ ਵਿਚ ਤੇਰਾ ਸਿੰਘ ਚੰਨ ਦੁਆਰਾ ਰਚਿਤ 'ਆਖਰੀ ਪੜਾਅ', 'ਸਾਜਸ਼', 'ਲੱਕੜ ਦੀ ਲੱਤ', 'ਨੀਲ ਦੀ ਸ਼ਹਿਜ਼ਾਦੀ', 'ਅਮਰ ਪੰਜਾਬ', 'ਸਾਂਝਾ ਵਿਹੜਾ' ਤੇ 'ਫੁੱਲਾਂ ਦਾ ਸੁਨੇਹਾ' ਓਪੇਰੇ ਤੇ ਗੀਤ ਨਾਟਕ ਸ਼ਾਮਲ ਹਨ। ਇਨ੍ਹਾਂ ਓਪੇਰਿਆਂ ਦੀ ਸਿਰਜਣਾ ਸਮੇਂ ਚੰਨ ਦਾ ਚੇਤੰਨ, ਨਿਰਸੰਦੇਹ ਮਾਰਕਸਵਾਦੀ ਵਿਚਾਰਧਾਰਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਨੀਤੀ ਨਿਰਧਾਰਿਕ ਪਹੁੰਚ ਤੇ ਕਈ ਵਾਰ ਵਕਤੀ ਰਣ-ਨੀਤੀ ਤੋਂ ਸੇਧਤ ਰਿਹਾ ਹੈ, ਪਰੰਤੂ ਉਸ ਦਾ ਅਵਚੇਤਨ ਪੰਜਾਬੀ ਮਾਨਸ ਦੀ ਇਤਿਹਾਸਕ ਸੰਘਰਸ਼ੀਲਤਾ, ਪੰਜਾਬੀ ਸਭਿਆਚਾਰ ਦੇ ਵਿਭਿੰਨ ਵਰਤਾਰਿਆਂ ਤੇ ਸਮਸਿਆਵਾਂ ਪ੍ਰਤੀ ਪੰਜਾਬੀਆਂ ਦੇ ਸਮੂਹਿਕ ਹੁੰਗਾਰੇ ਆਦਿ ਵਰਗੇ ਵਿਰਾਟ ਸਰੋਕਾਰਾਂ ਤੋਂ ਪ੍ਰੇਰਿਤ ਵਿਖਾਈ ਦਿੰਦਾ ਹੈ। ਜਿਥੇ ਕਿਤੇ ਵੀ ਉਹਦਾ ਸੇਧਤ ਹੋਇਆ ਚੇਤੰਨ, ਉਹਦੇ ਅੰਦਰਲੇ ਸਿਰਜਕ 'ਤੇ ਭਾਰੂ ਹੋਇਆ ਹੈ, ਉਥੇ ਹੀ ਉਹਦੀ ਕਲਾਤਮਕ ਸਮਰਥਾ ਦੀਆਂ ਸੰਭਾਵਨਾਵਾਂ ਪੂਰੀ ਤਰ੍ਹਾਂ ਉਜਾਗਰ ਨਹੀਂ ਹੋ ਪਾਈਆਂ। ਸਾਜ਼ਿਸ਼' ਨਾਮੀ ਓਪੇਰਾ ਇਸ ਪੱਖੋਂ ਵਿਸ਼ੇਸ਼ ਤੌਰ 'ਤੇ ਵੇਖਿਆ ਜਾ ਸਕਦਾ ਹੈ। ਪ੍ਰਗਤੀਵਾਦੀ ਕਾਵਿ ਧਾਰਾ ਨਾਲ ਨੇੜਿਓਂ ਜੁੜੇ ਹੋਣ, ਕਮਿਊਨਿਸਟ ਪਾਰਟੀ ਦੇ ਕੁਲਵਕਤੀ ਮੈਂਬਰ ਹੋਣ, ਇਪਟਾ ਵਰਗੀ ਖੱਬੇ ਪੱਖੀ ਵਿਚਾਰਧਾਰਾ ਨੂੰ ਵਰੋਸਾਈ ਰੰਗ ਮੰਚ ਲਹਿਰ ਦੀ ਪੈਦਾਵਾਰ ਹੋਣ ਦੇ ਬਾਵਜੂਦ ਚੰਨ ਦੀ ਸਿਰਜਨਾਤਮਕ ਪ੍ਰਤਿਭਾ ਦਾ ਇਕ ਵਿਸ਼ੇਸ਼ ਪੱਖ ਇਹ ਹੈ ਕਿ ਉਸਨੇ ਆਪਣੇ ਰਾਜਨੀਤਕ ਸਰੋਕਾਰਾਂ ਨੂੰ ਆਪਣੀ ਸਿਰਜਣਾ 'ਤੇ ਬਹੁਤ ਘਟ ਠੋਸਿਆ ਹੈ। ਇਸ ਦੇ ਉਲਟ ਉਹਦੇ ਵਿਚਾਰਧਾਰਕ ਤੇ ਰਾਜਨੀਤਕ ਸਰੋਕਾਰ ਉਹਦੀਆਂ ਰਚਨਾਵਾਂ ਵਿਚ ਸਹਿਜ ਰੂਪ ਵਿਚ, ਪਿੱਠ ਭੂਮੀ ਵਿਚ ਰਹਿ ਕੇ ਕਾਰਜ-ਸ਼ੀਲ ਹੁੰਦੇ ਹਨ। ਇਹੋ ਕਾਰਨ ਹੈ ਕਿ 'ਸਾਜ਼ਿਸ਼' ਓਪੇਰੇ ਤੋਂ ਬਿਨਾਂ ਵਕਤੀ ਰਣਨੀਤੀ ਤੋਂ ਉਪਜੇ ਉਹਦੇ ਸਿਆਸੀ ਸਰੋਕਾਰ ਉਹਦੇ ਓਪੇਰਿਆਂ ਦੀ ਸਿਰਜਨਾਤ-ਮਕਤਾ 'ਤੇ ਸਿੱਧੇ ਰੂਪ ਵਿਚ ਭਾਰੂ ਹੋਏ ਵਿਖਾਈ ਨਹੀਂ ਦਿੰਦੇ। ਭਾਵੇਂ ਕਿ ਲੋਕ ਪੱਖੀ ਵਿਚਾਰਧਾਰਕ ਪੈਂਤੜਾ ਉਹਦੀ ਹਰ ਰਚਨਾ ਦੇ ਆਧਾਰ ਵਜੋਂ ਕਾਰਜਸ਼ੀਲ ਵੇਖਿਆ ਜਾ ਸਕਦਾ ਹੈ। 'ਕਾਗ ਸਮੇਂ ਦਾ ਬੋਲਿਆ' ਵਿਚ ਸੰਕਲਿਤ ਪਹਿਲਾ ਓਪੇਰਾ 'ਆਖ਼ਰੀ ਪੜਾਅ' ਅਮਨ ਲਹਿਰਾਂ ਤੋਂ ਆਪਣਾ ਸਿਰਜਣਾ ਆਧਾਰ ਪ੍ਰਾਪਤ ਕਰਦਾ ਸਪਸ਼ਟ ਦਿਸਦਾ ਹੈ। ਸੰਸਾਰ-ਅਮਨ ਜੋ ਕਿ ਸਮੁਚੀ ਪ੍ਰਗਤੀਵਾਦੀ ਕਾਵਿ-ਧਾਰਾ ਦਾ ਅਹਿਮ ਸਰੋਕਾਰ ਰਿਹਾ ਹੈ, ਚੰਨ ਦੀ ਓਪੇਰਾ ਰਚਨਾ ਵਿਚ ਵਾਰ-ਵਾਰ ਇਕ ਜਾਂ ਦੂਜੇ ਰੂਪ ਵਿਚ ਹਾਜ਼ਰ ਵਿਖਾਈ ਦਿੰਦਾ ਹੈ। 'ਸੰਸਾਰ ਅਮਨ' ਦੇ ਇਸ ਸਰੋਕਾਰ ਨੂੰ 'ਆਖ਼ਰੀ ਪੜਾਅ' ਓਪੇਰੇ ਅੰਦਰ ਅਗਰ-ਭੂਮੀ ਵਿਚ ਲਿਆਂਦਾ ਗਿਆ ਹੈ। ਆਪਣੇ ਇਸ ਓਪੇਰੇ ਦੀ ਵਸਤੂ ਨੂੰ ਸਿਕੰਦਰ ਵਰਗੇ ਸੰਸਾਰ ਪ੍ਰਸਿਧ ਯੂਨਾਨੀ ਨਾਇਕ ਨਾਲ ਜੋੜ ਕੇ, ਚੰਨ ਆਪਣੇ ਸੰਸਾਰ-ਅਮਨ ਦੇ ਸਰੋਕਾਰ ਨੂੰ ਸਮੇਂ ਤੇ ਸਥਾਨ ਦੀ ਵਿਰਾਟਤਾ ਵਿਚ ਫੈਲਾ ਦਿੰਦਾ ਹੈ ਜਦਕਿ ਪੋਰਸ ਵਰਗੇ ਮਹਾਨ ਪੰਜਾਬੀ ਨਾਇਕ ਦਾ ਸਿਕੰਦਰੀ-ਤਬਾਹਕਾਰੀ ਦੇ ਜਲੌਅ ਨੂੰ ਠੱਲ੍ਹਣ ਨਾਲ ਜੁੜਿਆ ਸਰੋਕਾਰ ਇਸ ਓਪੇਰੇ ਨੂੰ ਪੰਜਾਬੀ ਮਨ ਨਾਲ ਸਹਿਜ ਰੂਪ ਵਿਚ ਇਕਸੁਰ ਕਰਨ ਹਿਤ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਪੋਰਸ ਦੇ ਰੂਪ ਵਿਚ ਸੰਘਰਸ਼ਸ਼ੀਲ ਪੰਜਾਬੀਅਤ, ਇਸ ਓਪੇਰੇ ਵਿਚ ਗੈਰ-ਹਾਜ਼ਰ ਹੋ ਕੇ ਵੀ ਹਾਜ਼ਰ ਵਿਖਾਈ ਦਿੰਦੀ ਹੈ ਤੇ ਵਾਰ-ਵਾਰ ਤਬਾਹੀ ਨੂੰ ਮੁਖ਼ਾਤਿਬ ਹੋਣ ਵਾਲੇ ਪੰਜਾਬੀ ਮਨ ਲਈ ਅਮਨ ਦੀ ਗੱਲ ਨਿਰਸੰਦੇਹ ਆਪਣਾ ਪ੍ਰਭਾਵ ਛੱਡਦੀ ਹੈ। ਆਪਣੇ ਅੰਤਿਮ ਪ੍ਰਭਾਵ ਵਿਚ ਇਹ ਓਪੇਰਾ ਦੂਜਿਆਂ ਨੂੰ ਤਬਾਹ ਕਰਕੇ,



Sri Satguru Jagjit Singh Ji eLibrary NamdhariElibrary@gmail.com

ਆਪਣਿਆਂ ਲਈ ਖੁਸ਼ਹਾਲੀ ਹੰਢਿਆਉਣ ਅਤੇ ਆਪਣੀ ਹੈਂਕੜਬਾਜ਼ੀ ਮੈਂ ਦੀ ਹਊਂ ਤ੍ਰਿਪਤੀ ਲਈ ਮੁਲਖੱਈਏ ਕੋਲੋਂ ਉਹਦਾ ਘਰ, ਪਿਆਰ, ਖੁਸ਼ੀ, ਖੇੜਾ ਖੋਹ ਲੈਣ ਵਾਲੀ ਪਸਾਰਵਾਦੀ-ਸਮਾਜਵਾਦੀ ਬਿਰਤੀ ਦੇ ਵਿਰੋਧ ਦਾ ਪੈਂਤੜਾ ਅਖਤਿਆਰ ਕਰ ਜਾਂਦਾ ਹੈ ਤੇ ਇਸਦੀ ਨਾਇਕਾ ਰੁਖ਼ਸਾਨਾ ਦੇ ਬੋਲ ਸਾਮਰਾਜੀ ਭੁਲੇਵਿਆਂ ਦਾ ਸ਼ਿਕਾਰ ਸੰਸਾਰ ਦੇ ਸਭ ਲੋਕਾਂ ਲਈ ਆਤਮ-ਪਛਾਣ ਦਾ ਸੁਨੇਹਾ ਬਣ ਜਾਂਦੇ ਹਨ ਕਿ—

ਯੂਨਾਨ ਤੇ ਜਹਾਨ ਹੀ ਬਹਾਰ ਜਦਕਿ ਇਕ ਹੈ,
ਜਹਾਨ ਤੇ ਯੂਨਾਨ ਦਾ ਪਿਆਰ ਜਦਕਿ ਇਕ ਹੈ,
ਤਾਂ ਕਿਸ ਲਈ ਜਹਾਨ ਦੀ ਬਹਾਰ ਚਾਹੋ ਫੂਕਣਾ ?
ਤੇ ਕਿਸ ਲਈ ਜਹਾਨ ਦਾ ਪਿਆਰ ਚਾਹੋ ਫੂਕਣਾ ?

ਯੂਰਪ, ਅਮਰੀਕੀ ਸਾਮਰਾਜਵਾਦੀਆਂ ਦੀਆਂ ਪਸਾਰ-ਵਾਦੀ ਰੁਚੀਆਂ ਤੇ ਉਹਨਾਂ ਦੁਆਰਾ ਏਸ਼ੀਆਈ ਮੁਲਕਾਂ ਦੀ ਲੁੱਟ ਦਾ ਵਿਰੋਧ ਅਤੇ ਏਸ਼ੀਆਈ ਦੇਸ਼ਾਂ ਵਿਚ ਭਰਾਤਰੀ ਭਾਵਨਾ ਦੇ ਪਾਸਾਰ ਤੇ ਸੰਸਾਰ ਅਮਨ ਦੇ ਸਰੋਕਾਰ ਨੂੰ ਤੇਰਾ ਸਿੰਘ ਚੰਨ ਦੇ ਓਪੇਰੇ 'ਨੀਲ ਦੀ ਸ਼ਹਿਜ਼ਾਦੀ' ਵਿਚ ਸਿੱਧੇ ਤੌਰ ਤੇ ਪ੍ਰਗਟਾਇਆ ਗਿਆ ਹੈ, ਜਿਸ ਵਿਚ ਸੁਏਜ਼ ਨਹਿਰ ਦੇ ਮਸਲੇ ਨੂੰ ਵਸਤੂ ਵਜੋਂ ਵਰਤਕੇ ਇਹ ਵਿਖਾਉਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਕਿਵੇਂ ਏਸ਼ੀਆਈ ਮੁਲਕਾਂ ਦੇ ਕੁਦਰਤੀ ਵਸੀਲਿਆਂ ਦੀ ਯੂਰਪੀ-ਅਮਰੀਕੀ ਸਾਮਰਾਜਵਾਦੀਆਂ ਵਲੋਂ ਲੁੱਟ ਕਰਕੇ ਉਨ੍ਹਾਂ ਨੂੰ ਆਰਥਿਕ ਪੱਖੋਂ ਹੀਣੇ ਹੋਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ ਤੇ ਕਿਵੇਂ ਏਸ਼ੀਆਈ ਮੁਲਕਾਂ ਵਲੋਂ ਇਕ ਜਾਂ ਦੂਜੇ ਰੂਪ ਵਿਚ ਲੁੱਟ ਅੱਜ ਵੀ ਜਾਰੀ ਹੈ; ਇਸ ਲਈ ਆਪਣੇ ਵਿਸ਼ੇ ਪੱਖੋਂ ਇਸ ਓਪੇਰੇ ਦੀ ਸਾਰਥਿਕਤਾ ਅੱਜ ਵੀ ਬਣਦੀ ਹੈ, ਪਰ ਇਸ ਦੇ ਪ੍ਰਗਟਾਅ ਦਾ ਅਧਾਰ ਜਿਸ ਮਸਲੇ ਨੂੰ ਬਣਾਇਆ ਗਿਆ ਹੈ, ਉਹਦੀ ਖਿੱਚ ਵਕਤੀ ਸੀ ਤੇ ਵਕਤ ਬੀਤਣ ਨਾਲ ਇਹਦੀ ਸਾਰਥਿਕਤਾ ਅਰਥਾਤ ਪਾਠਕ/ਸਰੋਤੇ ਨੂੰ ਪ੍ਰਭਾਵਤ ਕਰਨ ਦੀ ਸਮਰਥਾ ਵੀ ਬਰਕਰਾਰ ਨਹੀਂ ਰਹਿ ਪਾਈ। ਏਸ਼ੀਆਈ ਭਾਈਚਾਰੇ ਦੀ ਇਕਮੁੱਠਤਾ ਦੇ ਫਲਸਰੂਪ ਸਾਮਰਾਜਵਾਦ ਦੇ ਗੁਮਾਨ ਦੇ ਟੁਟਣ ਦੀ ਸ਼ੁਭ-ਇੱਛਾ ਦੇ ਬਾਵਜੂਦ, ਇਸ ਓਪੇਰੇ ਵਿਚ ਕਿਸੇ ਅਜਿਹੀ ਕੜੀ ਦੀ ਅਣਹੋਂਦ, ਜਿਸਦਾ ਪੰਜਾਬ ਦੇ ਸੰਬੰਧ ਵਿਚ ਕੋਈ ਲੋਕਧਾਰਾਈ ਆਧਾਰ ਹੋਵੇ, ਪੰਜਾਬੀ ਮਾਨਸ ਦੇ ਅਵਚੇਤਨ ਵਿਚ ਪਈਆਂ ਭਾਵਨਾਵਾਂ ਨੂੰ ਟੁੰਬ ਕੇ ਲੇਖਕ ਵਲੋਂ ਪ੍ਰਗਟਾਈ 'ਸ਼ੁਭ-ਇੱਛਾ' ਦੀ ਭਾਵਨਾ ਨਾਲ ਇਕਸੁਰ ਕਰਨ ਦੇ ਰਾਹ ਵਿਚ ਰੁਕਾਵਟ ਬਣਦੀ ਹੈ। 'ਸਾਂਝਾ ਵਿਹੜਾ' ਓਪੇਰੇ ਵਿਚ ਫਿਰਕਾਪ੍ਰਸਤੀ ਦੀ ਜਿਸ ਲੋਕ-ਭਾਰੂ ਹਕੀਕਤ ਨੂੰ ਉਘਾੜਿਆ ਗਿਆ ਹੈ, ਉਹ ਧਾਰਮਿਕ ਜਨੂੰਨ ਹੱਥੋਂ ਵਾਰ-ਵਾਰ ਖੱਜਲ-ਖੁਆਰ ਹੋਣ ਵਾਲੇ ਪੰਜਾਬੀ ਮਾਨਸ ਲਈ ਨਿਰਸੰਦੇਹ, ਆਪਣਾ ਵਿਸ਼ੇਸ਼ ਮਹੱਤਵ ਰਖਦੀ ਹੈ। ਜੇਕਰ ਫਿਰਕਾਪ੍ਰਸਤੀ ਪਿੱਛੇ ਕਾਰਜਸ਼ੀਲ ਸਾਮਰਾਜੀ ਸ਼ਕਤੀ ਦੇ ਹੱਥ ਹੋਣ, ਇਸ ਪ੍ਰਤੀ ਲੋਕਾਂ ਦੀ ਜਾਗਰੂਕਤਾ ਤੇ ਇਸ ਜਾਗਰੂਕਤਾ ਵਿਚੋਂ ਉਤਪੰਨ ਏਕੇ ਦੇ 'ਜ਼ਿੰਦਾਬਾਦ' ਰਹਿਣ ਵਰਗੀਆਂ ਪੂਰਵ ਮਿਥਿਤ ਧਾਰਨਾਵਾਂ ਨੂੰ ਟਿੱਪਣੀਆਂ ਦੇ ਆਧਾਰ 'ਤੇ ਪ੍ਰਸਾਰਿਤ ਕਰਨ ਦੀ ਥਾਂ ਕਾਰਜਾਤਮਕ ਸਿਰਜਣ-ਪ੍ਰਕਿਰਿਆ ਵਿਚੋਂ ਲੰਘਾਇਆ ਜਾਂਦਾ ਤਾਂ ਇਸ ਓਪੇਰੇ ਦੀ ਕਲਾਤਮਕ-ਡੂੰਘਿਆਈ ਬਹੁਤ ਵਧ ਹੋਈ ਸੀ। ਗੀਤ-ਨਾਟ 'ਫੁੱਲਾਂ ਦਾ ਸੁਨੇਹਾ' ਵਿਚ ਇਕ ਵਾਰ ਫਿਰ ਸੰਸਾਰ ਅਮਨ ਦੀ ਗੱਲ ਕਹੀ ਗਈ ਹੈ। ਇਹ ਗੀਤ-ਨਾਟ ਇਕਹਰੀ ਪਰਤ ਵਾਲਾ ਹੈ, ਜਿਸ ਵਿਚ ਤਿਤਲੀ ਤੇ ਭੌਰ ਨੂੰ ਫੁੱਲ ਦੀ ਖੂਬਸੂਰਤੀ ਤੇ ਕਾਬਜ਼ ਹੋਣ ਲਈ ਝਗੜਦੇ ਵਿਖਾਇਆ ਗਿਆ ਹੈ ਤੇ ਅੰਤ ਫੁੱਲ ਦੀ ਸ਼ੁਭ-ਇੱਛਾ ਦੇ ਪ੍ਰਗਟਾ-ਰੂਪ ਵਿਚ ਅਮਨ ਦਾ ਸੁਨੇਹਾ ਦਿਤਾ ਗਿਆ ਹੈ ਕਿ—

ਰਹੋ ਵੱਸਦੇ, ਹੱਸਦੇ, ਖੇਡਦੇ ਮੇਰੇ ਦਿਲ ਦੀ ਇਹੋ ਉਮੰਗ,
ਨਾ ਖੰਭੜੀ ਟੁੱਟੇ ਕਿਸੇ ਦੀ, ਨਾ ਵੀਣੀਓ ਟੁੱਟੇ ਵੰਗ,
ਰਲ ਵਚਨ ਦਿਓ ਮੈਨੂੰ ਸੁੱਚੜਾ, ਨਹੀਂ ਕਦੇ ਕਰਾਂਗੇ ਜੰਗ।

'ਸਾਜ਼ਸ਼' ਓਪੇਰਾ ਭਾਰਤ ਦੇ ਆਜ਼ਾਦ ਹੋਣ ਤੋਂ ਲੈ ਕੇ ਹੁਣ ਤਕ ਗੁੰਝਲਦਾਰ ਸਮਸਿਆ ਬਣੇ ਹੋਏ ਕਸ਼ਮੀਰ ਮਸਲੇ ਨਾਲ ਸੰਬੰਧਿਤ ਹੈ। ਲੇਖਕ ਹੱਸਦੇ ਖੇਡਦੇ ਕਸ਼ਮੀਰ ਵਾਸੀਆਂ ਤੇ ਖੁਸ਼ਹਾਲ ਕਸ਼ਮੀਰ ਨੂੰ ਸਾਮਰਾਜੀ ਤੇ ਪਾਕਿਸਤਾਨੀ ਹਾਕਮਾਂ ਦੀਆਂ ਚਾਲਾਂ ਦੀ ਸਾਜ਼ਸ਼ ਦਾ ਸ਼ਿਕਾਰ ਹੋ ਕੇ ਤਬਾਹੀ ਵਲ ਜਾਂਦਿਆਂ, ਬੜੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਸਿਰਜਣ ਪ੍ਰਕਿਰਿਆ ਵਿਚੋਂ ਲੰਘਾ ਕੇ ਪ੍ਰਗਟਾਉਂਦਾ ਹੈ, ਪ੍ਰੰਤੂ ਆਪਣੇ ਪੂਰਵ ਮਿਥਿਤ ਤੇ ਬਾਹਰੋਂ ਅਰਪਿਤ ਪ੍ਰਭਾਵਾਂ ਸਦਕਾ ਸ਼ੇਖ਼ ਅਬਦੁੱਲਾ ਨਾਲ ਸਬੰਧਿਤ ਘਟਨਾ ਨੂੰ ਲਿਆਉਣ ਨਾਲ ਲੇਖਕ ਦੇ ਕਲਾਤਮਕ ਧਰਮ ਨੂੰ ਤਾਂ ਠੇਸ ਵੱਜਦੀ ਹੀ ਹੈ, ਨਾਲ ਦੀ ਨਾਲ ਰਚਨਾ ਦਾ ਸੁਭਾਅ, ਸਮੇਂ ਵਿਸ਼ੇਸ਼ ਵਾਲਾ ਬਣ ਕੇ ਸੀਮਿਤ ਪ੍ਰਭਾਵ ਵਾਲਾ ਹੋ ਨਿਬੜਦਾ ਹੈ। ਇਹ ਲੇਖਕ ਦੀ ਬਾਹਰੀ ਦਬਾਵਾਂ ਹੇਠ ਬਣੀ ਧਾਰਨਾ ਹੀ ਹੈ ਕਿ ਉਹ



Sri Satguru Jagjit Singh Ji eLibrary NamdhariElibrary@gmail.com

ਸਾਮਰਾਜਵਾਦੀ ਬਿਰਤੀ ਦੇ ਸੰਦਰਭ ਵਿਚ ਕਾਂਗਰਸ ਦੀ ਸਹੀ ਪ੍ਰਵਿਰਤੀ ਉਜਾਗਰ ਕਰਨ ਵਲ ਰੁਚਿਤ ਨਹੀਂ ਹੋ ਸਕਿਆ। ਇਸ ਸਭ ਕਾਸੇ ਦੇ ਬਾਵਜੂਦ ਅੱਜ ਦੇ ਸੰਦਰਭ ਵਿਚ, ਥੋੜੇ ਜਿਹੇ ਪਰਿਵਰਤਨ ਕਰਨ ਨਾਲ, ਇਹ ਓਪੇਰਾ ਬੜਾ ਸਾਰਥਿਕ ਤੇ ਪ੍ਰਭਾਵਸ਼ਾਲੀ ਹੋ ਸਕਦਾ ਹੈ।

ਤੇਰਾ ਸਿੰਘ ਚੰਨ ਦੀ ਓਪੇਰਾ—ਸਿਰਜਣਾ ਦੀ ਸਿਖਰ 'ਲੱਕੜ ਦੀ ਲੱਤ' ਅਤੇ 'ਅਮਰ ਪੰਜਾਬ' ਨਾਮੀ ਓਪੇਰਿਆਂ ਵਿਚ ਮਿਲਦੀ ਹੈ। 'ਲੱਕੜ ਦੀ ਲੱਤ' ਓਪੇਰੇ ਦਾ ਮੂਲ ਸੁਨੇਹਾ ਵੀ ਸੰਸਾਰ ਅਮਨ ਦੀ ਤਬਾਹੀ ਤੇ ਜੰਗ ਦੇ ਵਿਰੋਧ ਦਾ ਹੈ। ਜੰਗ ਜੋ ਕਿ ਮਾਵਾਂ ਤੋਂ ਪੁੱਤਰ, ਭੈਣਾਂ ਤੋਂ ਭਰਾ, ਨਾਰਾਂ ਤੋਂ ਕੰਤ ਤੇ ਬਚਿਆਂ ਤੋਂ ਬਾਪ ਖੋਹ ਲੈਂਦੀ ਹੈ ਤੇ ਹੱਸਦੇ-ਵਸਦੇ ਵਿਹੜਿਆਂ ਵਿਚ ਮਾਤਮੀ-ਸੱਥਰ ਵਿਛਾ ਦਿੰਦੀ ਹੈ। ਇਹ ਓਪੇਰਾ ਦੂਸਰੀ ਜੰਗ ਦੌਰਾਨ ਪਰਾਈ ਅੱਗ ਵਿਚ ਝੁਲਸੀ ਮਜਬੂਰ ਪੰਜਾਬੀ ਕਿਸਾਨੀ ਦੀ ਤ੍ਰਾਸਦਿਕ ਹਾਲਤ ਦਾ ਬੜਾ ਭਾਵਪੂਰਤ ਕਾਵਿ-ਬਿੰਬ ਸਿਰਜਦਾ ਹੈ। ਓਪੇਰੇ ਦੀ ਸ਼ੁਰੂਆਤ ਪੰਜਾਬੀ ਕਿਸਾਨਾਂ ਵਲੋਂ ਆਪਣੀ ਮਿਹਨਤ ਦੀ ਉਪਮਾ ਨਾਲ ਹੁੰਦੀ ਹੈ ਤੇ ਫਿਰ ਅੰਗਰੇਜ਼ੀ ਰਾਜ ਪ੍ਰਤੀ ਕਿਸਾਨੀ ਦੇ ਸਮੂਹਿਕ ਹੁੰਗਾਰੇ ਨੂੰ ਪ੍ਰਗਟਾਇਆ ਜਾਂਦਾ ਹੈ। ਇਸ ਪਿਛੋਂ ਓਪੇਰਾ ਇਕ ਕਿਸਾਨ ਪਰਿਵਾਰ ਦੀ ਖੁਸ਼ੀ ਫ਼ਸਲ ਆਉਣ 'ਤੇ ਉਤਸ਼ਾਹ ਨੂੰ ਚਿਤਰਦਾ ਹੋਇਆ, ਸ਼ਾਹਾਂ ਵਲੋਂ ਉਨ੍ਹਾਂ ਦੀ ਲੁਟ ਨੂੰ ਅਮਰਭੂਮੀ ਵਿਚ ਲਿਆਉਂਦਾ ਹੈ, ਜਿਸ ਤੋਂ ਮਜਬੂਰ ਹੋਈ ਪੰਜਾਬੀ ਕਿਸਾਨੀ ਗੋਰੇ ਦੀ ਫੌਜ ਵਿਚ ਭਰਤੀ ਹੋ ਕੇ ਸੱਤ-ਸਮੁੰਦਰੋਂ ਪਾਰ ਆਪਣੀ ਅਹੂਤੀ ਦੇਣ ਲਈ ਤਿਆਰ ਹੁੰਦੀ ਹੈ। ਇਸ ਤੋਂ ਬਾਅਦ ਪੂਰੇ ਓਪੇਰੇ ਵਿਚ ਜੋ ਭਾਵਨਾ ਭਰਪੂਰ ਤੇ ਕਰੁਣਾਮਈ ਵਾਤਾਵਰਣ ਸਿਰਜਿਆ ਗਿਆ ਹੈ, ਉਹ ਇਸ ਓਪੇਰੇ ਦੇ ਪ੍ਰਭਾਵ ਨੂੰ ਬੜਾ ਤੀਖਣ ਤੇ ਸਦੀਵੀ ਬਣਾਉਂਦਾ ਹੈ। ਭਾਵ, ਪ੍ਰਚੰਡਤਾ ਦੀ ਇਸ ਪ੍ਰਕਿਰਿਆ ਨੂੰ ਹੋਰ ਵਧੇਰੇ ਤੀਖਣ ਕਰਨ ਵਿਚ ਸਹਾਇਕ ਹੁੰਦੀ ਹੈ, ਚੰਨ ਦੀ ਲੋਕਧਾਰਾ ਨਾਲ ਇਕਸੁਰ ਹੋਈ ਕਾਵਿਕਾਰੀ ਤੇ ਗੀਤ ਸਿਰਜਣਾ; 'ਦਿਲ ਦੇ ਪੰਘੂੜੇ ਤੇਰੀ ਯਾਦ ਖਿਡਾਵਾਂ ਮਾਹੀਆ, ਤੇਰੀ ਇਹ ਨਿਸ਼ਾਨੀ ਦਿਤੀ ਛਾਤੀ ਨਾਲ ਲਾਵਾਂ ਮਾਹੀਆ' ਵਰਗੇ ਗੀਤ ਇਸ ਓਪੇਰਾ ਰਚਨਾ ਵਿਚ ਚੰਨ ਦੀ ਵਿਸ਼ੇਸ਼ ਪ੍ਰਾਪਤੀ ਕਹੇ ਜਾ ਸਕਦੇ ਹਨ। ਇਸ ਓਪੇਰੇ ਵਿਚ ਸਿਰਜੀਆਂ ਗਈਆਂ ਨਾਟਕੀ ਸਥਿਤੀਆਂ, ਇਸ ਦੇ ਪ੍ਰਭਾਵ ਨੂੰ ਹੋਰ ਵਧੇਰੇ ਗਹਿਰਾਈ ਤੇ ਤੀਖਣਤਾ ਪ੍ਰਦਾਨ ਕਰਦੀਆਂ ਹਨ। ਇਸ ਓਪੇਰੇ ਵਿਚ ਚੰਨ ਦੀ ਕਾਵਿਕਤਾ, ਗੀਤਾਤਮਿਕਤਾ ਤੇ ਨਾਟਕੀਅਤਾ ਉਪਜਾਉਣ ਦੀ ਸਿਰਜਣ-ਸਮਰਥਾ ਆਪਣੀਆਂ ਪੂਰੀਆਂ ਸੰਭਾਵਨਾਵਾਂ ਸਹਿਤ ਉਜਾਗਰ ਹੁੰਦੀ ਹੈ। ਇਹ ਓਪੇਰਾ ਲੇਖਕ ਦੀ ਵਿਚਾਰਧਰਾਈ ਪ੍ਰਤੀਬੱਧਤਾ ਤੇ ਕਲਾਤਮਕਤਾ ਵਿਚ ਸਿਰਜੇ ਜਾਣ ਵਾਲੇ ਸੁਮੇਲ ਦੀ ਵਧੀਆ ਮਿਸਾਲ ਕਿਹਾ ਜਾ ਸਕਦਾ ਹੈ। 'ਲੱਕੜ ਦੀ ਲੱਤ' ਓਪੇਰਾ ਕਿਸਾਨੀ ਦੀ ਤ੍ਰਾਸਦਿਕ ਸਥਿਤੀ ਦਾ ਮਾਰਮਿਕ ਚਿਤਰਣ ਕਰਨ ਦੇ ਨਾਲ-ਨਾਲ ਪੰਜਾਬੀਆਂ ਦੇ ਅਵਚੇਤਨ ਵਿਚ ਹਮੇਸ਼ਾਂ ਤੋਂ ਕਾਰਜਸ਼ੀਲ ਰਹਿਣ ਵਾਲੀ ਅਜ਼ਾਦੀ ਦੀ ਭਾਵਨਾ ਨੂੰ ਵੀ, ਪ੍ਰੋਖ ਰੂਪ ਵਿਚ ਬੜੀ ਤੀਖਣਤਾ ਨਾਲ ਪ੍ਰਗਟਾਉਂਦਾ ਹੈ ਤੇ ਇਸੇ ਭਾਵਨਾ ਤੋਂ ਹੋਂਦ ਗ੍ਰਹਿਣ ਕਰਦਾ ਹੈ, ਅਮਨ ਦਾ ਸੁਨੇਹਾ ਸਮੋਈ ਭਾਵਨਾ-ਭਰਪੂਰ ਗੀਤ :

ਕਾਗ ਸਮੇਂ ਦਾ ਬੋਲਿਆ, ਅਮਨਾਂ ਦੀ ਬੋਲੀ,
ਮਾਖਿਓਂ ਵਰਗੀ ਮਸਤੀ, ਜਿਸ ਕਣ-ਕਣ ਵਿਚ ਘੋਲੀ।

ਲੱਕੜ ਦੀ ਲੱਤ ਤੋਂ ਬਾਅਦ ਚੰਨ ਦਾ ਬਹੁ ਚਰਚਿਤ ਓਪੇਰਾ 'ਅਮਰ ਪੰਜਾਬ' ਹੈ। ਜਿਸ ਵਿਚ ਚੰਨ ਦੀ ਕਾਵਿਕਾਰੀ, ਗੀਤਾਕਾਰੀ ਤੇ ਨਾਟਕੀ ਪ੍ਰਭਾਵ ਸਿਰਜਣ ਦੀ ਸਮਰਥਾ ਉੱਘੜ ਕੇ ਸਾਮ੍ਹਣੇ ਆਉਂਦੀ ਹੈ, ਪੰਜਾਬ ਦੇ ਇਤਿਹਾਸ, ਲੋਕਧਾਰਾ, ਸਾਹਿਤਕ ਸਰਮਾਏ ਨੂੰ ਚੰਨ ਨੇ ਇਸ ਓਪੇਰੇ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਹੈ। ਇਸ ਓਪੇਰੇ ਵਿਚ ਪੰਜਾਬੀ ਮਾਨਸ ਦੀ ਸੰਘਰਸ਼ਸ਼ੀਲਤਾ ਤੇ ਅਮਨ ਪ੍ਰਤੀ ਉਸ ਦੇ ਸਮੂਹਿਕ ਹੁੰਗਾਰੇ ਨੂੰ ਪ੍ਰਗਟਾਇਆ ਗਿਆ ਹੈ। ਇਸ ਓਪੇਰੇ ਪਿਛੇ ਚੰਨ ਦੀ ਵਿਸ਼ੇਸ਼ ਵਿਚਾਰਧਾਰਾਈ ਪਹੁੰਚ ਦੇ ਨਾਲ-ਨਾਲ ਸ਼ਾਹ ਮੁਹੰਮਦ ਵਾਲੀ ਸਾਂਝੀ ਪੰਜਾਬੀਅਤ ਭਾਵਨਾ ਵੀ ਉਭਰਵੇਂ ਰੂਪ ਵਿਚ ਕਾਰਜਸ਼ੀਲ ਵਿਖਾਈ ਦਿੰਦੀ ਹੈ। ਇਸ ਓਪੇਰੇ ਦੀ ਸਿਰਜਣਾ ਸਮੇਂ ਚੰਨ ਸਾਹਮਣੇ ਆਦਰਸ਼ ਸਿਰਫ਼ ਆਜ਼ਾਦੀ ਲਈ ਜੂਝਦੀ ਸੰਘਰਸ਼ਸ਼ੀਲ ਪੰਜਾਬੀਅਤ ਦਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਰਣਜੀਤ ਸਿੰਘ ਵਰਗੇ ਇਕਪੁਰਖੀ ਰਾਜ ਦੇ ਸਮੇਂ ਨੂੰ ਲੇਖਕ ਪੰਜਾਬੀਆਂ ਦੇ ਆਦਰਸ਼ ਵਜੋਂ ਪ੍ਰਗਟਾਉਂਦਾ ਹੋਇਆ ਉਸਦੇ ਚਲੇ ਜਾਣ 'ਤੇ ਹਾਅ ਦਾ ਨਾਹਰਾ ਮਾਰਦਾ ਵਿਖਾਈ ਦਿੰਦਾ ਹੈ, ਜਦੋਂ ਸ਼ਾਹ ਮੁਹੰਮਦ ਦੇ ਕਿੱਸੇ ਚੋਂ ਵਾਰ-ਵਾਰ ਕਈ ਤੁਕਾਂ ਦੁਹਰਾਉਂਦਾ ਹੈ ਤੇ ਅੰਤ ਰੁਦਨਮਈ ਸੁਰ ਵਿਚ ਉਚਰੇ ਸ਼ਾਹ ਮੁਹੰਮਦ ਦੇ ਬੋਲ ਉਧਰਿਤ ਕਰਦਾ ਹੈ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।



Sri Satguru Jagjit Singh Ji eLibrary NamdhariElibrary@gmail.com

ਸਪਸ਼ਟ ਹੈ ਕਿ ਇਹ ਧਾਰਨਾ ਕਿਸੇ ਸੁਹਿਰਦ ਪੰਜਾਬੀ ਦੀ ਹੀ ਹੋ ਸਕਦੀ ਹੈ। ਇਤਿਹਾਸਕ ਵਿਕਾਸ ਦੇ ਵਿਗਿਆਨਕ ਤਰਕ ਨੂੰ ਪੇਸ਼ ਕਰਨ ਵਾਲੀ ਵਿਚਾਰਧਾਰਾ ਨੂੰ ਵਰਸਾਏ ਸ਼ਖਸ ਦੀ ਨਹੀਂ। ਪੰਜਾਬੀਆਂ ਦੀ ਭਾਈਚਾਰਕ ਸਾਂਝ, ਸੰਘਰਸ਼ਸ਼ੀਲਤਾ ਅਸਲ ਵਿਚ ਉਹ ਮੂਲ ਸਰੋਕਾਰ ਹੈ, ਜੋ ਇਸ ਓਪੇਰੇ ਦੀ ਸਿਰਜਣਾ ਦਾ ਆਧਾਰ ਬਣਿਆ ਹੈ। ਇਹੋ ਕਾਰਨ ਹੈ ਕਿ ਓਪੇਰੇ ਦੀ ਸ਼ੁਰੂਆਤ ਵਾਰਿਸ ਸ਼ਾਹ ਦੀ ਹੀਰ ਦੇ ਉਸ ਬੰਦ ਨਾਲ ਹੁੰਦੀ ਹੈ, ਜਿਸ ਵਿਚ ਭਰਾਵਾਂ ਦੇ ਬਾਹਵਾਂ ਬਣਨ ਦਾ ਭਰਪੂਰ ਜ਼ਿਕਰ ਹੈ। ਇਸ ਪਿੱਛੋਂ ਪੰਜਾਬ ਦੀ ਖੁਸ਼ਹਾਲੀ ਤੇ ਪੰਜਾਬੀਆਂ ਦੇ ਖੁਸ਼ੀ ਖੇੜੇ ਦਾ ਵਰਣਨ ਹੈ, ਜੋ ਸਾਂਝੇ ਪੰਜਾਬੀ ਰਾਜ ਦੀ ਬਦੌਲਤ ਹੋਂਦ ਵਿਚ ਆਇਆ ਮਹਿਸੂਸ ਕਰਵਾਇਆ ਗਿਆ ਹੈ। ਇਸ ਪਿਛੋਂ ਸਿੰਘਾਂ ਤੇ ਅੰਗਰੇਜ਼ਾਂ ਦੀ ਜੰਗ ਦੇ ਦ੍ਰਿਸ਼ ਹਨ, ਜਿਨ੍ਹਾਂ ਨੂੰ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚੋਂ ਭਾਵਪੂਰਤ ਟੂਕਾਂ ਲੈ ਕੇ, ਜਿਸ ਪ੍ਰਕਾਰ ਮੰਚਿਤ ਕਰਨ ਦੇ ਦ੍ਰਿਸ਼ ਦਿਤੇ ਗਏ ਹਨ, ਉਹ ਰੰਗਮੰਚ ਦੇ ਨੁਕਤਾ-ਨਿਗਾਹ ਤੋਂ ਨਿਰਸੰਦੇਹ ਬਹੁਤ ਪ੍ਰਭਾਵਸ਼ਾਲੀ ਹਨ, ਕਿਉਂਕਿ ਇਸ ਪ੍ਰਕਾਰ ਦੀ ਮੰਚੀ ਪੇਸ਼ਕਾਰੀ ਇਕ ਤਾਂ ਮੰਚ ਉਪਰ ਅਤਿ ਸੰਘਣਾ ਨਾਟਕੀ ਚੌਗਿਰਦਾ ਸਿਰਜਣ ਦੇ ਸਮਰਥ ਹੁੰਦੀ ਹੈ ਤੇ ਦੂਜੇ ਇਹ ਪੰਜਾਬੀ ਅਵਚੇਤਨ ਵਿਚ ਡੂੰਘੀਆਂ ਲਹਿ ਚੁਕੀਆਂ ਭਾਵਨਾਵਾਂ ਨੂੰ ਟੁੰਬਣ ਦੇ ਸਮਰਥ ਹੋ ਨਿਬੜਦੀ ਹੈ। ਅਸਲ ਵਿਚ ਇਸ ਓਪੇਰੇ ਦੀ ਸਫਲਤਾ ਹੀ ਇਸ ਗੱਲ ਵਿਚ ਪਈ ਹੈ ਕਿ ਇਹ ਵਾਰ-ਵਾਰ ਉਨ੍ਹਾਂ ਭਾਵਨਾਵਾਂ ਨੂੰ ਉਭਾਰਦਾ ਹੈ, ਜੋ ਪੰਜਾਬੀ ਮਨ ਨੂੰ ਸਹਿਜ ਨਾਲ ਹੀ ਟੁੰਬ ਸਕਣ ਦੇ ਸਮਰਥ ਹਨ। ਸਿਖ ਰਾਜ ਦੀ ਸਮਾਪਤੀ ਦੀ ਘਟਨਾ ਉਪਰੰਤ ਇਹ ਓਪੇਰਾ ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਤੀ, ਪੰਜਾਬੀਆਂ ਦੇ ਕੰਗਾਲੀਕਰਣ, ਪੰਜਾਬੀ ਮਨਾਂ ਵਿਚ ਅੰਗਰੇਜ਼ ਵਿਰੁਧ ਬਗ਼ਾਵਤ ਦੀ ਸੁਰ ਦੇ ਉਭਰਨ, ਪਹਿਲੀ ਸੰਸਾਰ-ਜੰਗ ਵਿਚ ਪੰਜਾਬੀਆਂ ਦੀ ਅਹੂਤੀ, ਅੰਗਰੇਜ਼ ਦੇ ਵਾਅਦੇ ਤੋਂ ਮੁਕਰਨ, ਰੌਲਟ ਐਕਟ, ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ, ਸਾਇਮਨ ਕਮਿਸ਼ਨ ਤੇ ਲਾਲਾ ਲਾਜਪਤ ਰਾਏ ਦੀ ਸ਼ਹੀਦੀ ਦੀ ਘਟਨਾ, ਭਗਤ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਆਦਿ ਮੁਖ ਘਟਨਾਵਾਂ ਇਸ ਓਪੇਰੇ ਦਾ ਵਸਤੂ ਬਣੀਆਂ ਹਨ। ਇਸ ਲਈ ਸਪਸ਼ਟ ਹੈ ਕਿ ਇਸ ਓਪੇਰੇ ਦੀ ਸਿਰਜਣਾ ਹਿੱਤ ਪੰਜਾਬੀ ਮਨ ਨੂੰ ਆਸਾਨੀ ਨਾਲ ਟੁੰਬ ਸਕਣ ਵਾਲੀਆਂ ਘਟਨਾਵਾਂ ਦੀ ਜੜਤ, ਇਸ ਮੰਚ ਉਪਰ ਸਫਲ ਨਾਟਕੀ-ਕ੍ਰਿਤ ਹੋਣ ਦਾ ਆਧਾਰ ਬਣਦੀ ਹੈ। ਸ. ਭਗਤ ਸਿੰਘ ਵਰਗੇ ਮਹਾਂ ਪੰਜਾਬੀ ਨਾਇਕ ਦੀ ਉਪਸਥਿਤੀ ਤੇ ਉਸ ਦੀ ਸ਼ਹਾਦਤ ਸੰਬੰਧੀ ਸਤਲੁਜ ਦੀਆਂ ਲਹਿਰਾਂ ਨਾਲ ਲੋਕ ਸਮੂਹ ਵਲੋਂ ਰਚਾਇਆ ਸੰਵਾਦ ਪੇਸ਼ ਕਰਦਾ ਗੀਤ, ਇਸ ਰਚਨਾ ਨੂੰ ਉਹ ਮਾਰਮਿਕਤਾ ਪ੍ਰਦਾਨ ਕਰਦਾ ਹੈ, ਜੋ ਕਿਸੇ ਵੀ ਮੰਚ ਪ੍ਰਦਰਸ਼ਤ ਹੋਣ ਵਾਲੀ ਕਿਰਤ ਲਈ ਅਤਿ ਜ਼ਰੂਰੀ ਹੁੰਦੀ ਹੈ। ਇਸ ਪਿਛੋਂ ਇਕ ਪਾਸੇ ਅੰਗਰੇਜ਼ ਦੀ ਖੁਸ਼ੀ ਦਾ ਚਿਤਰਣ ਹੈ ਤੇ ਦੂਜੇ ਪਾਸੇ ਪੰਜਾਬੀਆਂ ਦੇ ਸਾਂਝੇ ਸੰਘਰਸ਼ ਦਾ ਦ੍ਰਿਸ਼ ਚਿਤਰਣ ਹੈ, ਜਿਸ ਨੂੰ ਤਿਰੰਗਾ ਤੇ ਲਾਲ ਝੰਡਾ ਚੁਕੀ ਕਿਸਾਨ, ਗੱਭਰੂਆਂ ਤੇ ਮੁਟਿਆਰਾਂ ਦੇ ਇਨਕਲਾਬੀ ਸੁਰਾਂ ਰਾਹੀਂ ਪ੍ਰਗਟਾਇਆ ਗਿਆ ਹੈ। ਇਸ ਓਪੇਰੇ ਦੀ ਸਾਹਿਤਕ-ਕਿਰਤ ਪੱਖੋਂ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਖੁਲ੍ਹੇ ਅੰਤ ਵਾਲੀ ਰਚਨਾ ਹੈ, ਜਿਸ ਨੂੰ ਕਿਸੇ ਅੰਤਿਮ ਨਿਰਣੈ ਨਾਲ ਸਥਾਪਤ ਨਹੀਂ ਕੀਤਾ ਗਿਆ, ਬਲਕਿ ਇਸ ਦਾ ਅੰਤਿਮ ਝਲਕਾਰਾ ਵੀ ਲੰਮੇ ਇਤਿਹਾਸਕ ਦੌਰ ਵਿਚ ਫੈਲੀ ਪੰਜਾਬੀ ਮਨ ਦੀ ਸੰਘਰਸ਼ਸ਼ੀਲਤਾ ਦੇ ਪ੍ਰਗਟਾਵੇ ਵਾਲਾ ਹੈ, ਜਿਸ ਨੂੰ ਆਉਂਦੇ ਸਮੇਂ ਵਿਚ ਕਿਸੇ ਵੀ ਹੱਦ ਤੋਂ ਪਾਰ ਤਕ ਫੈਲਾਇਆ ਜਾ ਸਕਦਾ ਹੈ ਕਿਉਂਕਿ ਸੰਘਰਸ਼ਸ਼ੀਲਤਾ ਤੇ ਅਵਾਮ ਦੀ ਏਕਤਾ ਕਿਸੇ ਸਮੇਂ ਵਿਸ਼ੇਸ਼ ਦੀ ਨਹੀਂ, ਬਲਕਿ ਹਰ ਯੁਗ ਵਿਚ ਹਰ ਘੜੀ ਦੀ ਜ਼ਰੂਰਤ ਹੁੰਦੀ ਹੈ। ਅਸਲ ਵਿਚ ਇਹ ਓਪੇਰਾ ਜਿਥੇ ਮੁੱਕਣ ਦਾ ਆਭਾਸ ਕਰਵਾਉਂਦਾ ਹੈ—

ਦੇਸ਼ ਦੇ ਕਿਸਾਨ ਆ ਗਏ ਨੇ ਵਿਚ ਮੈਦਾਨ,
ਲੈ ਕੇ ਕੌਮੀ ਏਕਤਾ ਦੇ,
ਲੈ ਕੇ ਸਾਂਝੀਵਾਲਤਾ ਦੇ ਝੂਲਦੇ ਨਿਸ਼ਾਨ।

ਉਹ ਪੰਜਾਬੀਅਤ ਦੇ ਸੰਘਰਸ਼ੀਲਤਾ ਦਾ ਇਕ ਪੜਾਅ ਹੈ, ਮੰਜ਼ਿਲ ਨਹੀਂ...ਤੇ ਅਸਲ ਵਿਚ ਸੰਘਰਸ਼ਸ਼ੀਲਤਾ ਦੀ ਕੋਈ ਅੰਤਿਮ ਮੰਜ਼ਿਲ ਹੋ ਹੀ ਨਹੀਂ ਸਕਦੀ। ਇਹ ਸਦੀਵੀ ਜਾਰੀ ਰਹਿਣ ਵਾਲੀ ਪ੍ਰਕਿਰਿਆ ਹੈ ਤੇ ਇਸ ਵਿਆਪਕ ਵਰਤਾਰੇ ਨੂੰ ਆਪਣੀ ਰਚਨਾ ਵਿਚ ਕਲਾਤਮਕ ਰੂਪ ਵਿਚ ਸਮੋ ਕੇ ਤੇਰਾ ਸਿੰਘ ਚੰਨ ਹੁਰਾਂ ਨਿਰਸੰਦੇਹ ਇਕ ਅਜਿਹੀ ਪ੍ਰਭਾਵਸ਼ਾਲੀ ਕਿਰਤ ਦੀ ਸਿਰਜਣਾ ਕੀਤੀ ਹੈ ਜੋ ਹੁਣ ਵੀ ਪੰਜਾਬੀ ਰੰਗਮੰਚ ਦੀ ਲਹਿਰ ਵਿਚ ਓਪੇਰੇ ਵੰਨਗੀ ਦੇ ਵਿਕਾਸ ਹਿਤ ਅਹਿਮ ਭੂਮਿਕਾ ਨਿਭਾਉਣ ਦੇ ਸਮਰਥ ਹੈ ਤੇ ਇਸ ਕਾਰਨ ਨਿਰਸੰਦੇਹ ਇਨ੍ਹਾਂ ਓਪੇਰਿਆਂ ਦਾ ਇਤਿਹਾਸਕ, ਲੋਕਧਾਰਾਈ, ਵਿਚਾਰਧਾਰਾਈ ਪੱਖਾਂ ਤੋਂ ਅਧਿਅਨ ਕਰਨ ਦੇ ਨਾਲ ਨਾਲ ਇਨ੍ਹਾਂ ਵਿਚਲੀ ਕਾਵਿਕਾਰੀ, ਗੀਤਆਤਮਿਕਤਾ ਤੇ ਸੰਗੀਤਮਕਤਾ ਦੇ ਵਿਭਿੰਨ ਪਾਸਾਰਾਂ ਦਾ ਹੋਰ ਵਧੇਰੇ ਗਹਿਨ ਵਿਸ਼ਲੇਸ਼ਣ ਤੇ ਮੁਲਾਂਕਣ ਕਰਨ ਦੀ ਲੋੜ ਦਰਕਾਰ ਹੈ।



Sri Satguru Jagjit Singh Ji eLibrary NamdhariElibrary@gmail.com

## ਕੁਲਵਿੰਦਰ : ਕਾਹਲੀ 'ਚ ਜਾਣ ਵਾਲਾ

"ਭਾ ਜੀ ਮੈਂ ਸੁਖਾ ਬੋਲ ਰਿਹਾ ਹਾਂ ਇਕ ਮਾੜੀ ਖਬਰ ਹੈ।" ਜੰਮੂ ਤੋਂ ਟੈਲੀਫੋਨ ਤੇ ਸੂਬਾ ਸੁਖਦੇਵ ਸਿੰਘ ਹੋਰਾਂ ਦਾ ਫੋਨ ਸੁਣਿਆ ਤਾਂ ਮੈਂ ਮਾੜੀ ਖਬਰ ਸੁਨਣ ਲਈ ਤਿਆਰ ਸਾਂ। ਦਰਅਸਲ ਸੂਬਾ ਜੀ ਮੈਨੂੰ ਤਿਆਰ ਹੀ ਕਰ ਰਹੇ ਸਨ। ਖਬਰ ਮਾੜੀ ਨਹੀਂ ਅਤਿ ਦੁਖਦਾਈ ਵੀ ਸੀ। "ਕੁਲਵਿੰਦਰ ਨਹੀਂ ਰਿਹਾ। ਅਸੀਂ ਸਸਕਾਰ ਵੀ ਕਰ ਆਏ ਹਾਂ ਪਰਸੋਂ ਉਸ ਦਾ ਭੋਗ ਹੈ।" ਇਹ ਸਾਰੀਆਂ ਗੱਲਾਂ ਸਮਝ ਤੋਂ ਪਰੇ ਦੀਆਂ ਸਨ। ਏਡੀ ਕਾਹਲੀ ਭਰ ਜਵਾਨੀ ਵਿਚ ਜਹਾਨੋਂ ਜਾਣ ਦੀ ਅਤੇ ਭੋਗ ਵੀ ਪਾ ਦੇਣ ਦੀ। ਇਹਦੀ ਕੀ ਲੋੜ ਪੈ ਗਈ ਸੀ। ਜਿਹੜੀ ਗਲ ਉਹਨਾਂ ਦਸੀ ਉਸ ਤੇ ਯਕੀਨ ਨਹੀਂ ਸੀ ਆ ਰਿਹਾ। ਪਰ ਅਜਿਹੀਆਂ ਗਲਾਂ ਕਦੇ ਝੂਠ ਹੋਈਆਂ ਨੇ ?

ਕੁਲਵਿੰਦਰ ਭਾਵੇਂ ਅਜ ਤੀਹਵਿਆਂ ਦਾ ਅੱਧ ਵੀ ਟੱਪਿਆ ਹੋਇਆ ਪਰ ਅਸੀਂ ਤਾਂ ਸਾਰੇ ਉਸ ਨੂੰ ਕਾਕਾ ਹੀ ਆਖਦੇ ਸਾਂ। ਸਾਡੀਆਂ ਅੱਖਾਂ ਸਾਹਮਣੇ ਉਹ ਬਿਲਕੁਲ ਕਾਕਾ ਬੱਚਾ ਹੀ ਲਗਦਾ ਸੀ। ਜਦੋਂ ਕਾਕਾ ਹੁੰਦਾ ਸੀ ਤਾਂ ਜੰਮੂ ਵਿਚ ਬਚਿਆਂ ਨਾਲ ਹੀ ਸਾਡੇ ਕਹਿਣ ਤੇ ਉਸ ਘਰਾਂ ਚੋਂ ਉਗਰਾਹੀ ਕਰ ਲਿਆਉਣੀ। ਅੱਜ ਪਰਸ਼ਾਦ ਹੈ ਅਜ ਲੰਗਰ ਹੈ ਅਜ ਗੁਰਪੁਰਬ ਹੈ ਜਾਂ ਕੋਈ ਹੋਰ ਪ੍ਰੋਗਰਾਮ। ਅਤੇ ਇਹ ਹੀ ਸੁਭਾ ਅਜ ਤਕ ਉਸ ਦਾ ਸੀ। ਫੇਰ ਸਾਡੇ ਇਕ ਮਿਤਰ ਬਲਦੇਵ ਸਿੰਘ ਪਠਾਨਕੋਟ ਦੀ ਬੱਚੀ ਰਾਣੀ ਨਾਲ ਉਹ ਦਾ ਅਨੰਦ ਕਾਰਜ ਹੋ ਗਿਆ। ਰਾਣੀ ਸਾਡੇ ਦੋਸਤ ਅਮਰੀਕ ਸਿੰਘ ਦੀ ਭਾਣਜੀ ਵੀ ਸੀ। ਉਹ ਹੋਰ ਵੀ ਪਿਆਰਾ ਪਿਆਰਾ ਲਗਣ ਲਗ ਪਿਆ। ਜੰਮੂ ਤੋਂ ਆਇਆਂ ਨੂੰ ਮੈਨੂੰ ਚੋਥਾਈ ਸਦੀ ਹੋ ਚਲੀ ਹੈ। ਸੋਚਣ ਦਾ ਮਸਲਾ ਸੀ ਕਿ ਅਗੋਂ ਨਵੇਂ ਪੋਚ ਨਾਲ ਕੀ ਸੰਬੰਧ ਹੋਣਾ ਹੈ ਪਰ ਨੌਜੁਆਨਾਂ ਨੇ ਹੋਰ ਵੀ ਵਧ ਪਿਆਰ ਅਤੇ ਇਜ਼ਤ ਦਿਤੀ ਹੈ। ਕੁਲਵਿੰਦਰ ਸਦਾ ਹਸਦਾ ਹੀ ਮਿਲਿਆ। ਕਦੇ ਕੋਈ ਗਲ ਮੋੜੀ ਹੀ ਨਾ। ਬਸ ਭਾਅ ਜੀ ਭਾਅ ਜੀ ਕਰਦਿਆਂ ਰਹਿਣਾ ਅਤੇ ਉਹ ਬਾਕੀ ਜੁਆਨਾਂ ਤੋਂ ਵਧ ਵਾਰ ਮੇਲਿਆਂ ਸਮਾਗਮਾਂ ਤੇ ਚਲਾ ਜਾਂਦਾ। ਵਿਦਿਅਕ ਜਥੇ ਅਤੇ ਸੰਗਤ ਵਿਚ ਅਗੇ ਅਗੇ ਹੀ ਕੰਮ ਕਰਨਾ।

ਕਹਿੰਦੇ ਨੇ ਮੌਤ ਦਾ ਇਕ ਦਿਨ ਨਿਸਚਿਤ ਹੁੰਦਾ ਹੈ। ਬੰਦੇ ਦੇ ਆਉਣ ਵੇਲੇ ਤਾਂ ਉਹਦੀ ਉਮੀਦ ਹੁੰਦੀ ਹੈ ਪਰ ਜਾਣ ਵੇਲਾ ਤਾਂ ਚਿਤ ਚੇਤੇ ਵੀ ਨਹੀਂ ਹੁੰਦਾ। ਕੁਲਵਿੰਦਰ ਦੇ ਜਾਣ ਦੀ ਕਹਾਣੀ ਤਾਂ ਦ੍ਰਿਸ਼ਟਾਂਤ ਬਣ ਗਈ ਹੈ।

ਆਪਣੇ ਸੋਹਰੇ ਘਰ ਉਸ ਨੇ ਪ੍ਰੇਰਨਾ ਨਾਲ ਖੂਹੀ ਲਵਾਈ ਅਤੇ ਇਸ ਦਾ ਟੱਪ ਵੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਲਵਾਇਆ। ਖੂਹੀ ਤਿਆਰ ਤਾਂ ਸੀ ਪਰ ਚਾਲੂ ਨਹੀਂ ਸੀ। ਉਪਰ ਤੋਂ ਕਜੀ ਹੋਈ ਸੀ। ਕੁਲਵਿੰਦਰ ਦਾ ਜੀਅ ਕਰੇ ਖੂਹੀ ਦੇ ਪਾਣੀ ਨਾਲ ਇਸ਼ਨਾਨ ਕਰਨ ਨੂੰ। ਇਧਰੋਂ ਘਰ ਵਾਲਿਆਂ ਵਲੋਂ ਉਸ ਦੇ ਪ੍ਰੋਗਰਾਮ ਵਿਚ ਅੜਿਕੇ ਦੇ ਜਤਨ ਸਨ ਤੇ ਉਧਰੋਂ ਕੁਲਵਿੰਦਰ ਸਿੰਘ ਜੋ ਜੰਮੂ ਦੀ ਨਹਿਰ 'ਚ ਨਹਾਉਣ ਤੋਂ ਕਤਰਾਉਂਦਾ ਹੁੰਦਾ ਸੀ, ਖੂਹੀ ਦੇ ਪਾਣੀ ਨਾਲ ਇਸ਼ਨਾਨ ਕਰਨ ਤੇ ਬਜ਼ਿਦ ਸੀ।

ਗੜਵੇ ਦੀ ਡੋਰੀ ਛੋਟੀ ਸੀ। ਕੁਲਵਿੰਦਰ ਕਹੇ ਥੋੜ੍ਹਾ ਥੱਲੇ ਹੋ ਕੇ ਪਾਣੀ ਭਰ ਲੈਂਦੇ ਹਾਂ। ਸਹੁਰੇ ਪਰਿਵਾਰ ਮਨ੍ਹਾ ਕੀਤਾ ਕਿ ਖੂਹੀ ਵਿਚ ਗੈਸ ਹੈ। ਹੋਣੀ ਸਭ ਤੋਂ ਪ੍ਰਬਲ ਸੀ। ਪਿਆਰ ਅਤੇ ਗੁੱਸੇ ਨਾਲ ਮਨ੍ਹਾ ਕਰਨ ਦੇ ਬਾਵਜੂਦ ਉਹ ਖੂਹੀ 'ਚ ਉਤਰਿਆ ਅਤੇ ਮੰਨਿਆ ਵੀ ਕਿ ਹਾਂ ਗੈਸ ਹੈ ਤੇ ਫੇਰ ਪਤਾ ਨਹੀਂ ਉਸ ਦੇ ਪਰਾਣ ਪਹਿਲਾਂ ਪੂਰੇ ਹੋਏ ਜਾਂ ਉਹ ਡਿਗ ਕੇ ਪਹਿਲਾਂ ਥੱਲੇ ਪਾਣੀ 'ਚ ਚਲਾ ਗਿਆ। ਗੈਸ ਨੇ ਉਹ ਨੂੰ ਬਚਾਉਣ ਲਈ ਕੀਤਾ ਹਰ ਹੀਲਾ ਨਾਕਾਰਾ ਕਰ ਦਿਤਾ ਅਤੇ ਅੰਤ ਜਦੋਂ ਅੱਧੇ ਘੰਟੇ ਦੀ ਜਦੋਜਹਿਦ ਬਾਦ ਬਾਹਰ ਕੱਢਕੇ ਹਸਪਤਾਲ ਲੈ ਜਾਇਆ ਗਿਆ ਤਾਂ ਸਭ ਕੁਝ ਗਵਾਚ ਚੁਕਾ ਸੀ।

ਬਜ਼ੁਰਗ ਦਿਲਾਂ ਤੇ ਕੀ ਬੀਤੀ। ਅਜਿਹੇ ਸਮੇਂ ਕੁਝ ਵੀ ਹੋ ਸਕਦਾ ਸੀ। ਜਦੋਂ ਦੁਖ ਦਾ ਅੰਧਕਾਰ ਫੈਲਿਆ ਸੀ ਤਾਂ ਕੁਲਵਿੰਦਰ ਦੇ ਪਿਤਾ ਸ. ਕਰਤਾਰ ਸਿੰਘ (ਫਰੀ ਇੰਡੀਆ ਗੰਨ ਫੈਕਟਰੀ ਵਾਲੇ) ਨੂੰ ਆਸਰੇ ਦੀ ਇਕੋ ਹੀ ਕਿਰਨ ਦਿਸੀ—ਉਹ ਸੀ ਟੈਲੀਫੋਨ। ਟੈਲੀਫੋਨ ਮਿਲਿਆ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਤੇ ਉਹਨਾਂ ਦੇ ਇਕ ਹੀ ਬੋਲ ਨੇ ਸ. ਕਰਤਾਰ ਸਿੰਘ ਨੂੰ ਖੜ੍ਹਾ ਕਰ ਦਿਤਾ...ਜਵਾਨ ਪੁਤਰ ਦੇ ਸਸਕਾਰ ਲਈ ਵੀ ਅਤੇ ਘਰਦਿਆਂ ਨੂੰ ਸਾਂਭਣ ਵਾਸਤੇ ਵੀ। ਅੱਗੇ ਸਤਿਗੁਰਾਂ ਦਾ ਹੁਕਮ ਚਲਦਾ ਸੀ...ਰੋਣਾ ਨਹੀਂ...ਇਹ ਭਾਣਾ ਹੈ...ਸਸਕਾਰ ਕਰ ਦਿਓ। ਸਤਿਗੁਰੂ ਜੀ ਤਾਂ ਵਿਦੇਸ਼ ਜਾ ਰਹੇ ਸਨ, ਇਕੋ ਦਿਨ ਬਚਦਾ ਸੀ। ਹੁਕਮ ਹੋਇਆ ਮੈਂ ਪਰਸੋਂ ਆਵਾਂਗਾ ਅਤੇ ਉਸ ਦਿਨ ਹੀ ਭੋਗ ਪਾਉਣ ਦਾ ਪ੍ਰਬੰਧ ਹੋ ਗਿਆ।

ਮੌਤ ਅਤੇ ਸਸਕਾਰ ੫ ਜੂਨ ਨੂੰ ਸੀ। ੬ ਜੂਨ ਸਵੇਰੇ-ਸਵੇਰੇ ਸ਼ਮਸ਼ਾਨ-ਘਾਟ ਤੋਂ ਸੁਨੇਹਾ ਆਇਆ—ਤਵੀ ਦਰਿਆ



Sri Satguru Jagjit Singh Ji eLibrary NamdhariElibrary@gmail.com

ਵਿਚ ਪਾਣੀ ਭਰ ਆਇਆ ਹੈ, ਜਲਦੀ ਫੂਲ ਚੁਗ ਲਵੋ । ਕੁਲਵਿੰਦਰ ਦਾ ਹਰ ਕਾਰਜ ਕਾਹਲੀ ਵਿਚ ਸੀ । ੭ ਜੂਨ ਨੂੰ ਸਤਿਗੁਰੂ ਜੀ ਜੰਮੂ ਵਿਚ ਸਨ । ਜਿਵੇਂ ਸ਼ਿਵ ਭਗਵਾਨ ਨੇ ਸਮੁੰਦਰ ਮੰਥਨ 'ਚੋਂ ਨਿਕਲੇ ਜ਼ਹਿਰ ਨੂੰ ਚੂਸ ਲਿਆ ਸੀ, ਇਵੇਂ ਸਤਿਗੁਰੂ ਜੀ ਨੇ ਦੁਖੀ ਪਰਿਵਾਰ ਦਾ ਸਾਰਾ ਦੁਖ ਚੂਸ ਲਿਆ ।

ਸ. ਕਰਤਾਰ ਸਿੰਘ, ਕੁਲਵਿੰਦਰ ਦੇ ਘਰੋਂ ਰਾਣੀ (ਜੋ ਅਪਰੇਸ਼ਨ ਬਾਦ ਅਤੇ ਇਸ ਦੁਰਘਟਨਾ ਨਾਲ ਨਿਢਾਲ ਸੀ), ਕੁਲਵਿੰਦਰ ਦੀ ਸੱਸ ਮਹਿੰਦਰ, ਸਹੁਰਾ ਬਲਦੇਵ ਸਿੰਘ ਅਤੇ ਸਾਰੇ ਪਰਿਵਾਰ ਸਭ ਨੇ ਸਾਰਾ ਦੁਖ ਸਤਿਗੁਰੂ ਜੀ ਅੱਗੇ ਉਡੇਲ ਦਿਤਾ । ਸਤਿਗੁਰਾਂ ਸਾਰਾ ਦੁਖ ਆਪ ਪੀ ਲਿਆ ਅਤੇ ਸੇਵਕਾਂ ਨੂੰ ਸਿਦਕ ਭਰੋਸਾ ਅਤੇ ਭਾਣੇ ਦਾ ਅਮਲੀ ਰਾਹ ਵਿਖਾਇਆ ।

ਬਾਹਰ ਪੰਡਾਲ ਵਿਚ ਜਥੇਦਾਰ ਇਕਬਾਲ ਸਿੰਘ ਦਾ ਦੀਵਾਨ ਲੱਗਾ ਸੀ । (ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵੀ ਹੋਇਆ ਸੀ ।) ਸਤਿਗੁਰੂ ਜੀ ਦਾ ਸਾਰਾ ਉਪਦੇਸ਼ ਭਾਣਾ ਮੰਨਣ ਵਾਲੇ ਸਿੱਖਾਂ ਦੇ ਕਾਰਨਾਮਿਆਂ ਨਾਲ ਭਰਿਆ ਸੀ । ਇਕ ਤੋਂ ਇਕ ਚੜ੍ਹਦਾ ਵਿਛੋੜਾ ਤੇ ਦੁੱਖ ਅਤੇ ਇਕ ਤੋਂ ਇਕ ਚੜ੍ਹਦਾ ਸਿੱਖ ਜੋ ਇਸ ਦੁੱਖ ਨੂੰ ਭਾਣੇ ਵਿਚ ਸਵੀਕਾਰਦਾ । ਇਕ ਲੰਮੀ ਲੜੀ ਸਤਿਗੁਰੂ ਜੀ ਨੇ ਇਸ ਪ੍ਰਸੰਗ ਵਿਚ ਸੁਣਾਈ । ਜਿਵੇਂ ਟੱਬਰ ਦੇ ਕੱਲੇ ਕੱਲੇ ਜੀਅ ਨੇ ਆਪਣੀਆਂ ਨਿਕੀਆਂ ਨਿਕੀਆਂ ਗੱਲਾਂ ਪੁੱਛਾਂ, ਰੋਗ ਦੀਆਂ ਕਸਰਾਂ ਸਤਿਗੁਰੂ ਜੀ ਅਗੇ ਰਖੀਆਂ ਅਤੇ ਆਪ ਜਿਵੇਂ ਹਰ ਗੱਲ ਦਾ ਪਿਆਰ ਨਾਲ ਜਵਾਬ ਦਿੰਦੇ ਗਏ ਇਵੇਂ ਲਗਦਾ ਸੀ ਸਾਂਝਾ ਬਾਪ ਆਪਣੇ ਬੱਚਿਆਂ ਵਿਚ ਬੈਠ ਕੇ ਉਨ੍ਹਾਂ ਦੇ ਸਾਰੇ ਰੋਗ ਕੱਟ ਰਿਹਾ ਹੈ । ਉਸ ਦਿਨ ਸਤਿਗੁਰੂ ਜੀ ਨੇ ਕੋਈ ਆਰਾਮ ਨਹੀਂ ਕੀਤਾ ਮਿਲਣ ਵਾਲਿਆਂ ਤੇ ਕੋਈ ਪਾਬੰਦੀ ਨਹੀਂ ਲਾਈ ਅਤੇ ਸਾਰਾ ਸਮਾਂ ਸੇਵਕਾਂ ਲਈ ਖੁਲ੍ਹਾ ਸੀ । ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀ ਹੋਈ ਸੰਗਤ ਵਾਸਤੇ ਸਾਰੀ ਗੱਲ ਹੈਰਾਨੀ ਵਾਲੀ ਵੀ ਸੀ ਅਤੇ ਤਸੱਲੀ ਵਾਲੀ ਵੀ ਸੀ । ਸਤਿਗੁਰੂ ਜੀ ਪ੍ਰਤੱਖ ਕ੍ਰਿਸ਼ਮਾ ਕੀਤਾ ਸੀ ।

ਬਾਣੀ ਦੀਆਂ ਇਹ ਤੁਕਾਂ ਪਰਤੱਖ ਹੋ ਰਹੀਆਂ ਸਨ ।

ਜੋ ਮਾਗਉ ਸੋਈ ਸੋਈ ਪਾਵਉ
ਅਪਨੇ ਖਸਮ ਭਰੋਸਾ ॥
ਕਹੁ ਨਾਨਕ ਗੁਰ ਪੂਰਾ ਭੇਟਿਓ
ਮਿਟਿਓ ਸਗਲ ਅੰਦੇਸਾ ॥

—ਜ.ਸ.


Oster
CARDIGANS ▪ PULLOVERS
Ante-date Knitters
A Quality Product of
UDEY Knitwears
Manufacturers & Exporters
Street No.3, Jammu Colony, Nr. Preet Palace,
Opp Atam Park, LUDHIANA
Phones: 405338, 36349 Fax: 26070 ATTN., 24349





Sri Satguru Jagjit Singh Ji eLibrary NamdhariElibrary@gmail.com

# ਸੰਤ ਸੰਤੋਖ ਸਿੰਘ ਮੁਠੱਡਾ ਦੀ ਯਾਦ ਵਿਚ

ਸਤਿਗੁਰੂ ਜੀ ਦੇ ਅਨਿਨ ਤੇ ਸਿਦਕਵਾਨ ਸੇਵਕ, ਸੰਤ ਸੰਤੋਖ ਸਿੰਘ ਜੀ ਮੁਠੱਡਾ ੨੯ ਜਨਵਰੀ ਨੂੰ ਤੜਕਸਾਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗੁਰੂ ਚਰਨਾਂ ਵਿਚ ਜਾ ਬਿਰਾਜੇ । ਨਿਮਰਤਾ, ਸੇਵਾ-ਭਾਵ, ਮਿੱਠ-ਬੋਲੜੇ, ਦੂਸਰਿਆਂ ਦੇ ਕੰਮ ਆਉਣ ਵਾਲੇ, ਅੱਠੇ ਪਹਿਰ ਸਿਮਰਨ ਵਿਚ ਜੁੜੇ ਰਹਿਣਾ—ਅਜਿਹੇ ਸੱਭੇ ਗੁਣ ਉਨ੍ਹਾਂ ਦੀ ਸਾਧੀ ਹੋਈ ਸ਼ਖ਼ਸੀਅਤ ਦਾ ਹੀ ਇਕ ਹਿੱਸਾ ਬਣ ਚੁਕੇ ਸਨ । ਬਚਪਨ ਤੋਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੁੜੇ ਰਹਿਣ ਕਾਰਨ ਸੰਤਾਂ ਦੀ ਆਤਮਿਕ ਅਵਸਥਾ ਏਨੀ ਉੱਚੀ ਹੋ ਗਈ ਸੀ ਕਿ ਜੋ ਵੀ ਸੰਤਾਂ ਦੇ ਸੰਪਰਕ ਵਿਚ ਆਇਆ ਉਹ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜਨੋਂ ਨਾ ਰਹਿ ਸਕਿਆ । ਸੰਤ ਤਰਸੇਮ ਸਿੰਘ ਨਿੱਜੀ ਸਕੱਤਰ ਅਤੇ ਸੂਬਾ ਰੇਸ਼ਮ ਸਿੰਘ ਜੀ ਕੈਨੇਡਾ ਸੰਤ ਸੰਤੋਖ ਸਿੰਘ ਹੁਰਾਂ ਦੇ ਸਹਿਪਾਠੀ ਰਹੇ ਹਨ । ਫਗਵਾੜੇ ਰਾਮਗੜ੍ਹੀਆ ਕਾਲਜ ਵਿਚ ਪੜ੍ਹਦਿਆਂ ਇਹ ਗੱਲ ਆਮ ਕਹੀ ਸੁਣੀ ਜਾਂਦੀ ਸੀ ਕਿ ਸੰਤੋਖ ਸਿੰਘ ਜਿਸ ਵਲ ਵੇਖ ਲੈਂਦਾ ਹੈ ਉਹ ਨਾਮਧਾਰੀ ਬਣ ਜਾਂਦਾ ਹੈ । ਉਨ੍ਹਾਂ ਦਿਨਾਂ ਵਿਚ ਜਦੋਂ ਸੰਤ ਤਰਸੇਮ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੀ ਆਗਿਆ ਨਾਲ ਸ੍ਰੀ ਜੀਵਨ ਨਗਰ ਦੇ ਪ੍ਰਬੰਧਕ ਅਤੇ ਸਤਿਜੁਗ ਦੇ ਮੈਨੇਜਰ ਦੇ ਤੌਰ ਤੇ ਸੇਵਾ ਕਰਦੇ ਸਨ, ਸੰਤੋਖ ਸਿੰਘ ਪੜ੍ਹਾਈ ਉਪਰੰਤ ਬੇਰੁਜ਼ਗਾਰੀ ਦੇ ਦਿਨਾਂ ਵਿਚ ਸ੍ਰੀ ਜੀਵਨ ਨਗਰ ਗਿਆ । ਸ. ਅਵਤਾਰ ਸਿੰਘ ਝੱਬਰ ਹੁਰਾਂ ਸੰਤੋਖ ਸਿੰਘ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਝੱਬਰ ਹੁਰਾਂ ਨਾਲ ਸੇਵਾ ਸੰਭਾਲੇ ਤਾਂ ਯੋਗ ਸੇਵਾ ਫਲ ਵੀ ਦਿਤਾ ਜਾਵੇਗਾ । ਕਿਉਂਕਿ ਸੰਤੋਖ ਸਿੰਘ ਜ਼ਮੀਨਾਂ ਦੇ ਕਾਗਜ਼ਾਂ ਪੱਤਰਾਂ ਬਾਰੇ ਸਮਝ ਰਖਦਾ ਸੀ । ਸ. ਅਵਤਾਰ ਸਿੰਘ ਝੱਬਰ ਸਤਿਗੁਰੂ ਜੀ ਦੇ ਮੁਖਤਿਆਰੇ-ਆਮ ਸਨ । ਉਨ੍ਹਾਂ ਨੂੰ ਡੇਰੇ ਦੇ ਕੰਮਾਂ ਲਈ ਸੰਤੋਖ ਸਿੰਘ ਵਰਗਾ ਈਮਾਨਦਾਰ ਆਦਮੀ ਚਾਹੀਦਾ ਸੀ ।

ਪਰ ਸੰਤੋਖ ਸਿੰਘ ਨੇ ਬੇਰੁਜ਼ਗਾਰ ਹੁੰਦਿਆਂ ਵੀ ਗੁਰੂ ਘਰ ਤੋਂ ਪੈਸਾ ਲੈਣਾ ਪ੍ਰਵਾਨ ਨਹੀਂ ਕੀਤਾ । ਸਗੋਂ ਬਹੁਤ ਹੀ ਸ਼ਰਧਾ ਨਾਲ ਬੇਨਤੀ ਕੀਤੀ ਮੈਂ ਕੁਛ ਚਿਰ ਸੇਵਾ ਦੇ ਤੌਰ ਤੇ ਸੇਵਾ ਕਰ ਸਕਦਾ ਹਾਂ ਪਰ ਗੁਰੂ ਘਰੋਂ ਤਨਖਾਹ ਨਹੀਂ ਲਵਾਂਗਾ । ਜਿਸ ਦੇ ਫਲਸਰੂਪ ਸੰਤੋਖ ਸਿੰਘ ਨੂੰ ਪੰਜਾਬ ਸਕੂਲ ਸਿਖਿਆ ਬੋਰਡ ਵਿਚ ਨੌਕਰੀ ਮਿੱਲ ਗਈ । ਇਮਾਨਦਾਰੀ ਅਤੇ ਉੱਤਮ ਚਰਿੱਤਰ ਦੇ ਧਾਰਨੀ ਹੋਣ ਕਾਰਨ ਸਾਰੇ ਹੀ ਸੰਤਾਂ ਦਾ ਬਹੁਤ ਆਦਰ ਸਤਿਕਾਰ ਕਰਿਆ ਕਰਦੇ ਸਨ । ਸਹਾਇਕ ਸੁਪਰਡੈਂਟ ਦੇ ਵਕਾਰੀ ਅਹੁਦੇ ਤੇ ਹੁੰਦਿਆਂ ਹੋਇਆਂ ਵੀ ਉਨ੍ਹਾਂ ਕਦੇ ਕਿਸੇ ਤੋਂ ਪੈਸਾ ਲੈਣਾ ਪ੍ਰਵਾਨ ਨਹੀਂ ਕੀਤਾ । ਸਗੋਂ ਹਰ ਲੋੜਵੰਦ ਦਾ ਕੰਮ ਕਰ ਉਸ ਦੇ ਘਰ ਤਕ ਦਸਣ ਜਾਣਾ ਵੀ ਆਪਣੀ ਜ਼ਿਮੇਵਾਰੀ ਸਮਝਦੇ ਸਨ । ਮਾਨਸਿਕ ਤੌਰ ਤੇ ਨਪੀੜੇ ਹੋਏ ਹੋਣ ਦੇ ਬਾਵਜੂਦ ਵੀ ਹਰ ਕਿਸੇ ਨਾਲ ਹੱਸ ਕੇ ਬੋਲਣਾ ਉਨ੍ਹਾਂ ਦਾ ਸੁਭਾਅ ਸੀ । ਬਚਪਨ ਵਿਚ ਹੀ ਮਾਤਾ ਦੇ ਸਾਏ ਤੋਂ ਵਿਰਵੇ ਹੋ ਗਏ । ਫਿਰ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ । ਛੋਟਾ ਭਰਾ, ੬ ਫੁਟ ਲੰਬਾ ਜੁਆਨ ਐਕਸੀਡੈਂਟ ਵਿਚ ਮਾਰਿਆ ਗਿਆ । ਧਰਮ ਪਤਨੀ ਦੀ ਮੌਤ ਹੋ ਗਈ । ਇਸ ਸਭ ਕਾਸੇ ਨੇ ਸੰਤਾਂ ਦੀ ਅੰਤਰ-ਆਤਮਾ ਨੂੰ ਝੰਜੋੜ ਕੇ ਰੱਖ ਦਿਤਾ ਅਤੇ ਉਨ੍ਹਾਂ ਤੇ ਉਪਰਾਮਤਾ ਦਾ ਆਲਮ ਛਾਇਆ ਰਹਿਣ ਲੱਗਾ । ਬਹੁਤ ਇਲਾਜ ਕਰਵਾਇਆ, ਸਤਿਗੁਰੂਜੀ ਸ੍ਰੀ ਭੈਣੀ ਸਾਹਿਬ ਲੈ ਆਂਦਾ ਅਤੇ ਵਖ ਵਖ ਥਾਵਾਂ ਤੇ ਇਲਾਜ ਕਰਵਾਂਦੇ ਰਹੇ । ਸੰਤ ਸੁਖਦੇਵ ਸਿੰਘ ਜੀ ਟਿੱਬੇ ਵਾਲੇ ਆਪਣੇ ਕੋਲ ਲੈ ਗਏ ਅਤੇ ਇਲਾਜ ਕਰਵਾਂਦੇ ਰਹੇ ਪਰ ਮਰਜ਼ ਬੜਤੀ ਗਈ ਜੂ ਜੂ ਦਵਾ ਕੀਆ । ਸੰਤਾਂ ਦੀ ਹਾਲਤ ਬੱਦ ਤੋਂ ਬਦਤਰ ਹੁੰਦੀ ਗਈ । ਅਵਸਥਾ ਪਾਗਲਪਨ ਵਾਲੀ ਹੋ ਗਈ । ਅਜਿਹੀ ਸਥਿਤੀ ਆ ਪਹੁੰਚੀ ਕਿ ਨਾਂ ਖਾਣ ਦੀ ਸੁਧ ਨਾ ਪਹਿਨਣ ਦੀ ਸੰਤ ਤਰਸੇਮ ਸਿੰਘ ਕਾਫੀ ਨੱਠ ਭੱਜ ਕਰਦੇ ਰਹੇ ਕਿ ਕਿਸੇ ਤਰ੍ਹਾਂ ਸੰਤੋਖ ਸਿੰਘ ਆਪਣੀ ਕਾਇਆ ਆਪ ਸੰਭਾਲਣ ਦੇ ਯੋਗ ਹੋ ਸਕੇ । ਪਰ ਪ੍ਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ । ਸੰਤ ਮੰਜ ਨਾਲ ਜੁੜ ਗਏ । ਅੰਤ ੨੯ ਜਨਵਰੀ ੧੯੯੭ ਨੂੰ ਆਪਣੇ ਅੰਤਿਮ ਸਵਾਸ ਲੈ ਸਭਨਾਂ ਨੂੰ ਅਲਵਿਦਾ ਕਹਿ ਗਏ ।

ਉਨ੍ਹਾਂ ਦੀ ਯਾਦ ਵਿਚ ੧੧ ਫਰਵਰੀ ਨੂੰ ਮਠੱਡਾ ਕਲਾਂ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਹੋਇਆ । ਇਲਾਕੇ ਦੀ ਸਾਧ-ਸੰਗਤ ਅਤੇ ਸੰਤਾਂ ਦੇ ਸਨੇਹੀਆ ਨੇ ਸੱਜਲ ਨੇਤਰਾਂ ਨਾਲ ਸ਼ਰਧਾਂਜਲੀ ਦਿਤੀ । ਸਤਿਗੁਰੂ ਜੀ ਨੇ ਆਪਣੇ ਪਵਿੱਤਰ ਹਸਤ-ਕਵਲਾਂ ਨਾਲ ਸੰਤ ਸੰਤੋਖ ਸਿੰਘ ਜੀ ਦੇ ਵੱਡੇ ਸਪੁਤਰ ਦੇ ਦਸਤਾਰ ਸਜਾਈ । ਪਾਠਾਂ ਦੇ ਭੋਗ ਪਾਏ ਗਏ ਅਤੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਲੋਂ ਅਧਿਕਾਰੀ ਵੀ ਪੁਜੇ ।

**ਅਜੀਤ ਸਿੰਘ ਲਾਇਲ**
ਅਰਬਨ ਅਸਟੇਟ, ਫੇਜ਼ ਨੰਬਰ ੨
ਲੁਧਿਆਣਾ ।



Sri Satguru Jagjit Singh Ji eLibrary NamdhariElibrary@gmail.com

# ਕਾਕਾ ਹਰਪ੍ਰੀਤ ਸਿੰਘ ਦੀ ਬਹਾਦਰੀ !

ਸੂਬਾ ਗੁਰਭਜਨ ਸਿੰਘ ਜੀ ਲੁਧਿਆਣਾ ਦੁਆਰਾ ਪ੍ਰਾਪਤ ਸੂਚਨਾ ਰਾਹੀਂ ਇਕ ਬੱਚੇ ਕਾਕਾ ਹਰਪ੍ਰੀਤ ਸਿੰਘ ਦੀ ਬਹਾਦਰੀ ਅਤੇ ਹਿੰਮਤ ਦੇ ਕਾਰਨਾਮੇ ਦੀ ਸੂਹ ਮਿਲੀ ਹੈ। ਉਸ ਨੇ ਨਵੀਂ ਦਿੱਲੀ ਸਟੇਸ਼ਨ ਤੇ ਆਪਣੀ ਮਾਤਾ ਦੇ ਗਹਿਣੇ, ਜੋ ਵੀਹ-ਪੱਚੀ ਹਜ਼ਾਰ ਜਾਂ ਇਸ ਤੋਂ ਵਧ ਦੇ ਸਨ, ਚੋਰੀ ਹੋਣੋਂ ਬਚਾ ਲਏ।

ਫ਼ਾਜ਼ਿਲਕਾ ਦਾ ਛੇ ਸਾਲਾ ਹਰਪ੍ਰੀਤ ਆਪਣੀ ਮਾਤਾ ਕੰਵਲਜੀਤ ਕੌਰ ਅਤੇ ਪਿਤਾ ਸ. ਤੇਜਿੰਦਰ ਸਿੰਘ ਨਾਮਧਾਰੀ ਨਾਲ ਨਵੀਂ ਦਿੱਲੀ ਸਟੇਸ਼ਨ ਤੋਂ ਸ੍ਰੀ ਗੰਗਾਨਗਰ ਜਾਣ ਵਾਲੀ ਰੇਲ ਗੱਡੀ ਦੀ ਇੰਤਜ਼ਾਰ ਕਰ ਰਿਹਾ ਸੀ। ਜਦੋਂ ਸਟੇਸ਼ਨ ਤੇ ਇਹ ਐਲਾਨ ਕੀਤਾ ਗਿਆ ਕਿ "ਰੇਲ ਗੱਡੀ ਇੰਟਰਸਿਟੀ ਐਕਸਪ੍ਰੈਸ ਪਲੇਟਫਾਰਮ ਨੰ: ੧ ਦੀ ਬਜਾਏ ਪਲੇਟਫਾਰਮ ਨੰ: ੪ ਤੋਂ ਚੱਲੇਗੀ" ਤਾਂ ਸਵਾਰੀਆਂ ਨੇ ਨਵੇਂ ਪਲੇਟਫਾਰਮ ਵਲ ਕਾਹਲੀ ਪਾ ਦਿਤੀ। ਇਸ ਅਫਰਾ-ਤਫਰੀ ਵਿਚ ਇਕ ਚੰਗੀ ਵਧੀਆ ਸਾੜ੍ਹੀ ਵਾਲੀ ਜੇਬ-ਕਤਰੀ ਬੀਬੀ ਨੇ ਹਰਪ੍ਰੀਤ ਦੇ ਗਲ ਵਿਚ ਪਏ ਹੈਂਡ-ਬੈਗ ਵਿਚੋਂ ਉਸ ਦੀ ਮਾਤਾ ਦਾ ਪਰਸ ਕੱਢ ਲਿਆ। ਹਰਪ੍ਰੀਤ, ਜਿਸ ਨੂੰ ਉਸ ਦੇ ਪਿਤਾ ਨੇ ਮੋਢਿਆਂ ਤੇ ਚੁਕਿਆ ਹੋਇਆ ਸੀ, ਨੇ ਬਹੁਤ ਫੁਰਤੀ ਨਾਲ ਜੇਬ-ਕੁਤਰੀ ਨੂੰ ਵਾਲਾਂ ਤੋਂ ਬੁਰੀ ਤਰ੍ਹਾਂ ਫੜ ਲਿਆ ਅਤੇ ਉਦੋਂ ਤੀਕ ਵਾਲ ਨਹੀਂ ਛੱਡੇ ਜਦੋਂ ਤਕ ਪਰਸ ਜ਼ਮੀਨ ਤੇ ਨਹੀਂ ਡਿਗ ਪਿਆ।

ਰੇਲਵੇ ਪੁਲੀਸ ਦੀ 'ਘੌਲ', ਗੱਡੀ ਚੜ੍ਹਨ ਦੀ ਕਾਹਲ ਅਤੇ ਸਰਗਰਮ ਜੇਬ-ਕੁਤਰੇ ਭਾਈਚਾਰੇ ਦੀ ਬਹੁ-ਗਿਣਤੀ ਹੋਣ ਕਰਕੇ ਕੇਸ ਤਾਂ ਦਰਜ ਨਾ ਹੋ ਸਕਿਆ, ਪਰ ਗਹਿਣੇ ਬਚ ਗਏ। ਹਰਪ੍ਰੀਤ ਨੇ ਬਹੁਤ ਹੁਸ਼ਿਆਰੀ ਅਤੇ ਦਲੇਰੀ ਵਿਖਾਈ ਹੈ, ਜੋ ਬਹੁਤ ਪ੍ਰਸ਼ੰਸਾਯੋਗ ਗੱਲ ਹੈ। ਪਰ ਬੀਬੀਆਂ ਲਈ ਵੀ ਇਕ ਸਬਕ ਹੈ, ਖਾਸ ਕਰਕੇ ਨਾਮਧਾਰੀ ਬੀਬੀਆਂ ਲਈ ਕਿ ਇਵੇਂ ਗਹਿਣੇ ਪਾ ਕੇ ਜਾਂ ਨਾਲ ਲੈ ਕੇ ਸਫ਼ਰ ਨਹੀਂ ਕਰਨਾ ਚਾਹੀਦਾ।

---

ਬੱਚੇ ਨਾਲ ਤੁਸੀਂ ਬੱਚੇ ਦੀਆਂ ਦਿਲਚਸਪੀਆਂ ਜਾਂ ਦਿਮਾਗੀ ਵਿਕਾਸ ਦੀ ਗੱਲ ਨਹੀਂ ਕਰੋਗੇ ਤਾਂ ਉਹ ਕੁਝ ਨਹੀਂ ਸਮਝੇਗਾ, ਸਗੋਂ ਉਸ ਨੂੰ ਸਮਝਾਉਣ ਲਈ ਉਸ ਦੇ ਪੱਧਰ ਤੇ ਆਉਣਾ ਪਏਗਾ।

—ਸ. ਸੰਤਾ ਸਿੰਘ

PARtNER
CARDIGANS ▪ PULLOVERS
Ante-date Knitters
A Quality Product of
UDEY Knitwears
Manufacturers & Exporters
Street No 3, Jammu Colony, Nr. Preet Palace,
Opp Atam Park, LUDHIANA
Phones: 405338, 38349 Fax- 26070 ATTN. 24349



Sri Satguru Jagjit Singh Ji eLibrary NamdhariElibrary@gmail.com

# ਸ. ਮਹਿੰਦਰ ਸਿੰਘ ਮਠਾੜੂ ਨਮਿਤ ਸਮਾਗਮ

ਸ੍ਰੀ ਭੈਣੀ ਸਾਹਿਬ ਦੇ ਮਸ਼ਹੂਰ ਬਜ਼ੁਰਗ ਸਵਰਗੀ ਬਾਬਾ ਅਰਜਨ ਸਿੰਘ ਗੜਵਿਆਂ ਵਾਲਿਆਂ ਦੇ ਛੋਟੇ ਸਪੁਤਰ ਸ. ਮਹਿੰਦਰ ਸਿੰਘ ਮਠਾੜੂ ਮਿਤੀ ੯ ਜੂਨ ੧੯੯੭ ਨੂੰ ਮਸੂਰੀ ਵਿਖੇ ਅਚਾਨਕ ਚਲਾਣਾ ਕਰ ਗਏ। ਆਪ ਗੁਰੂ-ਘਰ ਦੇ ਪ੍ਰੇਮੀ, ਨਿਸ਼ਠਾਵਾਨ, ਸਿਦਕਵਾਨ, ਮਿਠਬੋਲੜੇ, ਨੇਕ ਸੁਭਾਅ ਅਤੇ ਦਇਆਲੂ ਤਬੀਅਤ ਦੇ ਸੁਆਮੀ ਸਨ ਅਤੇ ਬਹੁਤ ਉੱਚ-ਪਾਏ ਦੇ ਇੰਜੀਨੀਅਰ ਸਨ। ਮਸੂਰੀ ਵਿਚ ਇਹ ਤੇ ਇਹਨਾਂ ਦੇ ਵਡੇ ਭਰਾ ਸਵਰਗੀ ਸ: ਉਜਾਗਰ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਇੰਨਜੀਨਰਿੰਗ ਦੀ ਵਰਕਸ਼ਾਪ ਲਾਈ ਸੀ ਅਤੇ ਹੋਰ ਕੰਮਾਂ ਤੋਂ ਇਲਾਵਾ ਕਿਸੇ ਸਮੇਂ ਰੋਲਰ ਸਕੇਟਸ ਬਨਾਉਣ ਦਾ ਕੰਮ ਬਹੁਤ ਕੀਤਾ ਸੀ। ਸ. ਮਹਿੰਦਰ ਸਿੰਘ ਦਾ ਸਾਰਾ ਪਰਿਵਾਰ ਤਾਂ ਹੁਣ ਲੁਧਿਆਣਾ ਵਿਚ ਕਾਰੋਬਾਰੀ ਤੌਰ ਤੇ ਸਥਾਪਤ ਹੈ ਪਰ ਆਪ ਮਸੂਰੀ ਵਿਚ ਹੀ ਨਿਵਾਸ ਰਖਦੇ ਸਨ। ੭੦ ਸਾਲ ਦੀ ਹੀ ਆਯੂ ਭੋਗ ਕੇ ਸ. ਮਹਿੰਦਰ ਸਿੰਘ ਜੀ ਆਪਣੀ ਜੀਵਨ ਯਾਤਰਾ ਸੰਪੂਰਨ ਕਰ ਗਏ। ਪਰਿਵਾਰ ਵਲੋਂ ਉਹਨਾਂ ਦੇ ਸਰੀਰ ਨੂੰ ਮਸੂਰੀ ਤੋਂ ਲਿਆ ਕੇ ਸ੍ਰੀ ਭੈਣੀ ਸਾਹਿਬ ਦੀ ਨਵੀਨ ਸ਼ਮਸ਼ਾਨ ਭੂਮੀ ਵਿਚ ੧੦ ਜੂਨ ਨੂੰ ਪੂਰਨ ਮਰਿਆਦਾ ਅਨੁਸਾਰ ਸਸਕਾਰ ਕੀਤਾ ਗਿਆ। ਪੂਜਯ ਮਾਤਾ ਚੰਦ ਕੌਰ ਜੀ ਨੇ ਪਰਿਵਾਰ ਨੂੰ ਦਰਸ਼ਨ ਦਿਤੇ ਅਤੇ ਹਮਦਰਦੀ ਪ੍ਰਗਟਾਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਮਠਾੜੂ ਸਾਹਿਬ ਦੀ ਜੀਵ ਆਤਮਾ ਨਮਿਤ ਐਤਵਾਰ ੨੨ ਜੂਨ ੧੯੯੭ ਨੂੰ ਅਰਬਨ ਅਸਟੇਟ ਫੇਜ਼-I, ਡਗਰੀ ਰੋਡ ਲੁਧਿਆਣਾ ਵਿਚ ਭੋਗ ਪਾਇਆ ਗਿਆ। ਭੋਗ ਤੋਂ ਪਹਿਲਾਂ ਰੋਜ਼ਾਨਾ ਤਿੰਨ ਸਮਾਗਮਾਂ ਵਿਚ ਨਾਮ ਸਿਮਰਨ ਅਤੇ ਕਥਾ ਦਾ ਪਰਵਾਹ ਸੰਤ ਅਵਤਾਰ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਲੋਂ ਚਲਾਇਆ ਗਿਆ, ਜਿਸ ਵਿਚ ਪਰਿਵਾਰ ਦੇ ਸਾਰੇ ਜੀਅ ਅਤੇ ਹੋਰ ਸੰਗਤ ਹੁੰਮਹੁਮਾਕੇ ਸ਼ਾਮਲ ਹੁੰਦੀਆਂ ਰਹੀਆਂ।

ਭੋਗ ਵਾਲੇ ਦਿਨ ਪਹਿਲਾਂ ਸੰਤ ਜੁਗਿੰਦਰ ਸਿੰਘ ਮੁਕਤਾ ਸੰਤ ਨਗਰ ਨੇ ਕੀਰਤਨ ਕੀਤਾ ਅਤੇ ਬਾਦ ਵਿਚ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਨੇ ਹੱਲੇ ਦਾ ਦੀਵਾਨ ਅਤੇ ਵਖਿਆਨ ਰਾਹੀਂ ਜੀਵਨ ਮੌਤ ਦੇ ਫ਼ਲਸਫੇ, ਜੀਵ, ਪ੍ਰਮਾਤਮਾ ਅਤੇ ਪ੍ਰਕਿਰਤੀ, ਜੀਵ ਈਸ਼ਵਰ ਅਤੇ ਗੁਰੂ, ਸ਼ੁਭ ਅਮਲਾਂ ਦੀ ਮਹਾਨਤਾ, ਪੁੰਨ ਪਾਪ ਦੀ ਵੀਚਾਰ ਜਿਹੇ ਅਨੇਕਾਂ ਵਿਸ਼ਿਆਂ ਨੂੰ ਛੋਹੰਦਾ ਪ੍ਰਭਾਵਸ਼ਾਲੀ ਪ੍ਰਵਚਨ ਦਿਤਾ। ਆਪ ਨੇ ਸ. ਮਹਿੰਦਰ ਸਿੰਘ ਮਠਾੜੂ ਹੋਰਾਂ ਦੇ ਪਿਛੋਕੜ ਅਤੇ ਉਚੇ ਸੁਚੇ ਜੀਵਨ ਤੇ ਚਾਨਣਾ ਪਾਂਦਿਆਂ ਦਸਿਆ ਕਿ ਆਪ ਸਤਿਗੁਰੂ ਰਾਮ ਸਿੰਘ ਜੀ ਦੀ ਬੰਸ ਵਿਚੋਂ ਸਨ।

ਇਸ ਤੋਂ ਬਾਦ ਪ੍ਰੋ. ਕਿਰਪਾਲ ਸਿੰਘ ਜਲੰਧਰ, ਸੰਤ ਬਲਬੀਰ ਸਿੰਘ ਅਤੇ ਸੰਤ ਸੁਖਦੇਵ ਸਿੰਘ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਸ. ਜਗਦੀਸ਼ ਸਿੰਘ ਵਰਿਆਮ ਵਲੋਂ ਸ਼ਰਧਾਂਜਲੀ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਨਾਮਧਾਰੀ ਮਰਿਆਦਾ ਅਨੁਸਾਰ ਤਿਆਰ ਲੰਗਰ ਪੰਗਤਾਂ ਵਿਚ ਸਾਰੀ ਸੰਗਤ ਛਕਕੇ ਪ੍ਰਸੰਨ ਹੋ ਰਹੀ ਸੀ। ਸ. ਮਹਿੰਦਰ ਸਿੰਘ ਜੀ ਦੇ ਘਰੋਂ ਬੀਬੀ ਸਤਵੰਤ ਕੌਰ, ਸਪੁਤਰਾਂ ਸ. ਤਰਲੋਚਨ ਸਿੰਘ, ਡਾ. ਇੰਦਰ ਸਿੰਘ, ਸੁਰਜੀਤ ਸਿੰਘ, ਗੁਰਮੀਤ ਸਿੰਘ, ਪਰਤਾਪ ਇੰਜਨੀਅਰਜ਼ ਲੁਧਿਆਣਾ, ਨੈਸ਼ਨਲ ਇੰਜਨੀਅਰਜ਼ ਲੁਧਿਆਣਾ, ਨੈਸ਼ਨਲ ਇੰਨਜੀਅਰਿੰਗ ਵਰਕਰ ਮਸੂਰੀ ਅਤੇ ਸਮੂਹ ਪਰਿਵਾਰ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਧਰਮ ਕਾਰਜਾਂ ਵਾਸਤੇ ਕਈ ਮਾਇਆ ਵਿਚੋਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਨੂੰ ੫੧੦੦ ਰੁਪਏ, ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਨੂੰ ੨੧੦੦ ਰੁਪਏ, ਗੁਰਦੁਆਰਾ ਸਿੰਘ ਸਭਾ ਅਰਬਨ ਅਸਟੇਟ ੨੧੦੦ ਰੁਪਏ, ਗੁਰਦੁਆਰਾ ਲੰਡੋਰ ਬਾਜ਼ਾਰ ਮਸੂਰੀ ੧੧੦੦ ਰੁਪਏ, ਗੁਰਦੁਆਰਾ ਲਾਇਬਰੇਰੀ ਬਾਜ਼ਾਰ ਮਸੂਰੀ ੧੧੦੦ ਰੁਪਏ, ਸਪਤਾਹਕ ਸਤਿਜੁਗ ੧੧੦੦ ਰੁਪਏ ਅਤੇ ਹੋਰ ਅਦਾਰਿਆਂ ਨੂੰ ਮਾਇਆ ਦਾਨ ਕੀਤੀ।

——

ਰਚੇ ਰੈਣ ਦਿਵਸੰ ਥਪੇ ਸੂਰ ਚੰਦ੍ਰੰ ॥
ਠਟੇ ਦਈਵ ਦਾਨੋ ਰਚੇ ਬੀਰ ਬ੍ਰਿੰਦੰ ॥
ਕਰੀ ਲੋਹ ਕਲਮੰ ਲਿਖ੍ਯੋ ਲੇਖ ਮਾਥੰ ॥
ਸਭੈ ਜੇਰ ਕੀਨੇ ਬਲੀ ਕਾਲ ਹਾਥੰ ॥

ਕਈ ਮੇਟਿ ਡਾਰੇ ਉਸਾਰੇ ਬਨਾਏ ॥
ਉਪਾਰੇ ਗੜੇ ਫੇਰਿ ਮੇਟੇ ਉਪਾਏ ॥

ਕ੍ਰਿਯਾ ਕਾਲ ਜੂ ਕੀ ਕਿਨੂ ਨ ਪਛਾਨੀ ॥
ਘਨਯੋ ਪੈ ਬਿਹੈ ਹੈ, ਘਨਯੋ ਪੈ ਬਿਹਾਨੀ ॥

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥

ਮਹਾਂਦੀਨ ਕੇਤੇ ਪ੍ਰਿਥੀ ਮਾਂਝ ਹੂਏ ॥
ਸਮੈ ਆਪਨੀ ਆਪਨੀ ਅੰਤਿ ਮੂਏ ॥

(ਪਾਤਸ਼ਾਹੀ ੧੦)



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਅਮਨ ਏਕਤਾ ਦੇ ਹਾਮੀ

ਸਾਹਨੇਵਾਲ ਸਟੇਸ਼ਨ ਅਤੇ ਬਿਲਗਾ ਪਿੰਡ ਵਿਚੋਂ ਭਾਰੀ ਤਾਦਾਦ ਵਿਚ ਬਲਦਾਂ ਨੂੰ ਬਾਹਰ ਭੇਜਣ ਸੰਬੰਧੀ ਛਪੇ ਅਖਬਾਰਾਂ ਦੀਆਂ ਖਬਰਾਂ ਤੇ ਟਿਪਣੀ ਕਰਦਿਆਂ ਨਾਮਧਾਰੀ ਦਰਬਾਰ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਨਾਮਧਾਰੀ ਦਰਬਾਰ ਵਲੋਂ ਕਿਸੇ ਵੀ ਸੰਸਥਾ ਵਿਰੁਧ ਕੋਈ ਬਿਆਨ ਨਹੀਂ ਦਿਤਾ ਗਿਆ। ਅਤੇ ਨਾਮਧਾਰੀ ਸੰਸਥਾ ਸਦਾ ਹੀ ਅਮਨ, ਭਾਈਚਾਰਾ ਅਤੇ ਏਕਤਾ ਦੀ ਹਾਮੀ ਰਹੀ ਹੈ।

ਪੰਜਾਬ ਦੀ ਪਰੰਪਰਾ ਗਊ-ਵੰਸ਼ ਦੀ ਰੱਖਿਆ ਦੀ ਰਹੀ ਹੈ, ਇਸ ਦਾ ਇਤਿਹਾਸ ਗਵਾਹ ਹੈ। ਗਊ-ਬਲਦ ਕਿਸਾਨਾਂ ਦੀ ਆਰਥਿਕਤਾ ਦਾ ਥੰਮ੍ਹ ਰਹੇ ਹਨ, ਅੱਜ ਮਸ਼ੀਨੀ ਯੁੱਗ ਵਿਚ ਭਾਵੇਂ ਅਸੀਂ ਇਹ ਗੱਲ ਭੁੱਲ ਜਾਈਏ। ਇਕ ਪਾਸੇ ਜੰਗਲੀ ਜੀਵਾਂ ਦੀ ਰਾਖੀ ਦਾ ਪਰਚਾਰ ਹੋ ਰਿਹਾ ਹੈ, ਦੂਸਰੇ ਪਾਸੇ ਆਪਣਾ ਪਸ਼ੂ-ਧਨ ਖਤਮ ਕਰਨ ਦੀ ਹਾਮੀ ਭਰੀ ਜਾ ਰਹੀ ਹੈ। ਇਨ੍ਹਾਂ ਪਸ਼ੂਆਂ (ਬਲਦਾਂ) ਦੀ ਮਾੜੀ ਹਾਲਤ ਤੇ ਨਾਮਧਾਰੀ ਸੰਗਤਾਂ ਨੂੰ ਚਿੰਤਾ ਹੋ ਰਹੀ ਹੈ ਅਤੇ ਉਹ ਵੀ ਸ੍ਰੀ ਭੈਣੀ ਸਾਹਿਬ ਦੇ ਪਵਿੱਤਰ ਅਤੇ ਇਤਿਹਾਸਕ ਨਗਰ ਦੇ ਬਿਲਕੁਲ ਲਾਗੇ ਹੋਣ ਕਰਕੇ...ਦੁਖ ਤਾਂ ਵਧ ਹੋਣਾ ਹੀ ਸੀ। ਇਸੇ ਕਰਕੇ ਇਸ ਗੱਲ ਵੱਲ ਜ਼ਿਲਾ ਅਧਿਕਾਰੀਆਂ ਦਾ ਧਿਆਨ ਦਿਵਾਇਆ ਗਿਆ ਸੀ।

ਅਖਬਾਰਾਂ ਵਿਚ ਛਪਵਾਏ ਬਿਆਨ ਵਿਚ ਇਕ ਬੰਨੇ ਪਸ਼ੂਆਂ ਨੂੰ ਬਾਹਰ ਲੈ ਜਾਣ ਦਾ ਮੰਤਵ ਉਹਨਾਂ ਨੂੰ ਕਤਲ ਕਰਨਾ ਨਹੀਂ ਦਸਿਆ ਗਿਆ...ਉਹਨਾਂ ਦੀ ਮਾੜੀ ਹਾਲਤ ਉਤੇ ਚਿੰਤਾ ਵੀ ਹੈ ਅਤੇ ਉਹਨਾਂ ਵਾਸਤੇ ਚਾਰਾ ਦੇਣ ਦੀ ਪੇਸ਼ਕਸ਼ ਹੈ, ਅਤੇ ਦੂਸਰੇ ਪਾਸੇ ਮਸ਼ੀਨੀ ਬੁੱਚੜਖਾਨੇ ਲਾਉਣ ਦੀ ਵਕਾਲਤ ਵੀ ਹੈ।

---

●ਮੇਰਾ ਵਿਸ਼ਵਾਸ ਹੈ ਕਿ ਕਿਸੇ ਜਿੰਦ ਨੂੰ ਤਸੱਲੀ ਦੇਣ ਜਾਂ ਬਚਾਉਣ ਲਈ ਬੋਲਿਆ ਝੂਠ ਦਿਲ ਦੁਖਾਂਣ ਵਾਲੇ ਸੱਚ ਨਾਲੋਂ, ਜਿਹੜਾ ਕੋੜਾ ਹੁੰਦਾ ਹੈ ਤੇ ਇਸੇ ਕਾਰਨ ਉਹ ਝੂਠ ਹੋ ਨਿਬੜਦਾ ਹੈ, ਕਿਤੇ ਚੰਗੇਰਾ ਹੁੰਦਾ ਹੈ। ਕਿਉਂਜੁ ਸੁੰਦਰਤਾ ਰੱਬੀ ਨੇਮ ਹੈ।

ਸ. ਸੋਭਾ ਸਿੰਘ

---


Phone : Off. 671044, 671045
Resi. 670013

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

**Namdhari Engineering Works**

Mfrs. & General Suppliers of :
Truck Bus Body Parts, Nut, Bolts & All Kinds of Hardware Goods.

E-190, Focal Point, LUDHIANA—141010

**PUNJAB INDUSTRIES**

Specialist in : All Kinds of Truck Body Materials, Malaysia Sal Wood,
Teak Wood, Deodar, Partal, Champ, Hullak etc.

E-190/A, Focal Point, Ludhiana—141001

Phone : 664075

**Partap Trading Company**

Dealers in : Truck & Bus Body Parts, Aulminium Sheets, Angle, Channels,
Glass, Sunmica, Plywood & Hardwares.

G T. Road, Opp. Transport Nagar, Ludhiana




Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : [Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

PROP. **S. DAYA SINGH BHUI**

**WZ-2, Mansarover Garden, Ring Road, NEW DELHI—110015**

---

ਅਪਣੀ ਕਿਰਪਾ

ਤਿਨਿ ਸਗਲੀ ਬਾਤ ਸਵਾਰੀ

**Specialists in : 'A' Class Decoration for Marriages Parties & Govt. Functions**

## Namdhari Tent House

**53, Hamidia Road Near Alpana Talkies,**

**BHOPAL (M.P.)**

---

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU
## IRON INDUSTRIES

ਸੱਗੂ ਆਇਰਨ ਇੰਡਸਟਰੀਜ਼

**Sugar Mill Spares, Paper & Boards Mill Spares, Textile Mill Spares, Distillery Spares & Solvent Plant Spares**

**All Type of Gear & Chain Sprockets & Industrial Chain**

Partner : S. Puran Singh Saggu
S. Narinder Singh Saggu

**Old Railway Road, JALANDHAR.**



Sri Satguru Jagjit Singh Ji eLibrary NamdhariElibrary@gmail.com

*With best compliments from*

# YOUR

# CLOTH HOUSE

**Wholeseller & Retailor**

## Gents Wing :

**S.C.F. 1, Sector 20-C, Chandigarh.**
**Phone : 23363, 31199**

## Ladies Wing :

**S.C.O. 6, Sector 20-C, Chandigarh.**
**Phone : 29849**

## Your Saree Centre :

**S.C.F. No. 1, Sector 20-C, Chandigarh.**




Sri Satguru Jagjit Singh Ji eLibrary NamdhariElibrary@gmail.com

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ

ਹਰ ਕਿਸਮ ਦੀ ਲੱਕੜ

ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,

ਪੜਤਲ, ਚੀਲ੍ਹ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**Dalip Singh Puran Singh Saggu**

[TIMBER MERCHANTS]

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ

Phone : 58795

---

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ

ਸਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ

ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ

ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਫ਼ੋਨ 238784

---

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ

ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ

ਦਰਸ਼ਨ ਦਿਓ

★

★

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ,

ਅਕਹਿਰੀ ਪੁਲੀ, ਜਲੰਧਰ ਸ਼ਹਿਰ

ਫੋਨ ਨੰ: 232990

---

## JANTA

## HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

☎ 61040
Code : 01824

# For Fitting Diesel Engines in Foreign
# &
# INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA

Sri Satguru Jagjit Singh Ji eLibrary NamdhariElibrary@gmail.com

Registered No. PB/JL-253

MONTHLY WARIAM
Ladowali Road, Jalandahr-144 001
Registered with the Registrar of News papers for India No. 26453

June 1997

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068,CHAH ANDARA, (BEHIND JUBILEE CINEMA)
CHANDNI CHOWK, DELHI-110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ

Sri Satguru Jagjit Singh Ji eLibrary NamdhariElibrary@gmail.com